ਤਾਰੇ	ਰਾਜਾ ਥੀਂ ਧਨ ਪ੍ਰਾਪਤ ਹੋਵੇ ਅਰ ਸਖਤਰਾਂ ਨਾਲ ਸੁਖ ਆਨੰਦ ਹੋਵੇ ॥
ਤਾਕ	ਖਜ਼ਾਨਾ ਹੱਥ ਆਵੇ ਅਰ ਇੱਜਤ ਨਾ ਹੋਵੇ ॥

ਸੁਪਨਾ	ਫਲ
ਤਾਸ	ਦੌਲਤਮੰਦੀ ਦੀ ਨਸ਼ਾਨੀ ਹੈ ॥
ਤੋੜੀ	ਗਰੀਬੀ ਦੂਰ ਹੋਵੇ ਅਰ ਖੁਸ਼ੀ ਹਾਸਲ ਹੋਵੇ ॥
ਤਬੇਲਾ	ਜੇਕਰ ਤਬੇਲਾ ਘੋੜਿਆਂ ਨਾਲ ਪੂਰ ਵੇਖੇ ਤਾਂ ਧਨ ਬਹੁਤ ਪ੍ਰਾਪਤ ਹੋਵੇ ਜੇ ਖਾਲੀ ਹੋਵੇ ਤਾਂ ਫਿਕਰ ਚਿੰਤਾ ਰਹੇ ਅਰ ਧਨਦੀ ਹਾਨੀ ਹੋਵੇ ॥
ਤੋਫ਼ਾਨ	ਬਾਲ ਬੱਚੇ ਦਾ ਫਿਕਰ ਰਹੇ ॥
ਤਮਾਂਚਾ	ਜੇ ਕਿਸੇਨੂੰ ਮਾਰੇ ਤਾਂ ਖੁਸ਼ੀ ਪ੍ਰਾਪਤ ਹੋਵੇ

ਤਲਾਬ

ਜੇਕਰ ਸੁਪਨੇ ਵਿੱਚ ਤਾਲਾਬ ਦੇਖਿਆ ਜਾਏ ਤਾਂ ਗਰਭ ਦੀ ਨਸ਼ਾਨੀ ਹੈ ਜੇਕਰ ਉਸ ਵਿੱਚ ਬਹੁਤ ਸਾਰੀਆਂ ਮਛਲੀਆਂ ਵੀ ਨਜ਼ਰ ਆਵਨ ਤਾਂ ਸੁਪਨਾਂ ਦੇਖਨ ਵਾਲੀ ਇਸਤ੍ਰੀ ਦੇ ਘਰ ਬਹੁਤ ਸੰਨਤਾਨ ਹੋਵੇ ਜੇਕਰ ਮੱਛੀਆਂ ਛੋਟੀਆਂ ਹੋਵਨ ਤਾਂ ਲੜਕੀ ਹੋਵੇਗੀ ਜੇ ਵੱਡੀਆਂ ੨ ਹੋਵਨ ਤਾਂ ਲੜਕਾ ਜਨਮੇਗਾ ॥

	ਥ
ਥਾਲੀ	ਜੇਕਰ ਥਾਲੀ ਖਾਲੀ ਹੋਵੇ ਤਾਂ ਧਨ ਦਾ ਨੁਕਸਾਨ ਹੋਵੇ ਅਰ ਜੇਕਰ ਉਸਦੇ ਵਿੱਚ ਕੋਈ ਚੀਜ਼ ਹੋਵੇ ਤਾਂ ਕਿਧਰੋਂ ਬਹੁਤ ਸਾਰਾ ਧਨ ਪ੍ਰਾਪਤ ਹੋਵੇ ॥
ਥੁੱਕ ਮੂੰਹ ਵਿੱਚ	ਕਿਧਰੋਂ ਮੁਫ਼ਤ ਧਨ ਮਿਲੇ ॥
ਥਨ (ਮੰਮੇ	ਏਹ ਸੁਪਨਾ ਚੰਗਾ ਹੈ ਇਸਤ੍ਰੀ ਮਿਲੇ ਜਾਂ ਚੰਗੀ ਸੰਨਤਾਨ ਹੋਵੇ ॥
ਥੁੱਕਣਾ ਕਿਸੇ ਤੇ	ਜਿਸ ਉਤੇ ਥੁੱਕੇ ਉਸਨੂੰ ਦੁਖ ਹੋਵੇ ॥
ਥੁੱਕ ਮੂੰਹਥੀਂ ਵੱਗਣੀ	ਧਨ ਪਦਾਰਥ ਬਹੁਤ ਮਿਲੇ ॥

ਸੁਪਨਾ	ਫਲ

ਥੈਲੀ

ਜੇਕਰ ਸੁਪਨੇ ਵਿੱਚ ਵੱਡੀ ਸਾਰੀ ਥੈਲੀ ਮਿਲੇ ਤਾਂ ਤੁਹਾਨੂੰ ਬੜਾ ਆਨੰਦ ਤੇ ਖੁਸ਼ੀ ਪ੍ਰਾਪਤ ਹੋਵੇਗੀ ਅਰ ਜੇਕਰ ਥੈਲੀ ਗੁਮ ਹੋਜਾਵੇ ਜਾਂ ਤੁਹਾਡਾ ਕੁਝ ਨੁਕਸਾਨ ਹੋਵੇ ਤਾਂ ਤੁਹਾਡਾ ਕੋਈ ਮਿਤ੍ਰ ਜਾਂ ਪਿਆਰਾ ਸੰਬੰਧੀ ਮਰ ਜਾਵੇਗਾ।

ਦ

ਦਰਵਾਜਾ ਵੇਖਣਾ	ਨੇਕ ਇਸਤ੍ਰੀ ਮਿਲੇ।
ਦਰਵਾਜਾ ਖੁਲ੍ਹਾ	ਖਾਨ ਪੀਨ ਵਾਸਤੇ ਬਹੁਤ ਕੁਝ ਮਿਲੇ ॥
ਦਰਵਾਜ਼ਾ ਬੰਦ	ਗਰੀਬੀ ਦੀ ਨਸ਼ਾਨੀ ਹੈ ॥
ਦਰਵਾਜਾ ਘਰੋਂ ਦੂਰ	ਕਿਸੇ ਸ਼ੋਖੀ ਤੇ ਕੁਕਰਮ ਕਰਨ ਵਾਲੀ ਇਸਤ੍ਰੀ ਦਾ ਮੇਲ ਹੋਵੇ ॥
ਦੰਦ ਡਿਗਣਾ	ਉਮਰ ਲੰਮੀ ਹੋਵੇ ਅਰ ਸਦਾ ਸੱਚ ਬੋਲੇ ॥
ਦੰਦ ਪੁਟਣਾ	ਇੱਛਾ ਅਨੁਸਾਰ ਧਨ ਪ੍ਰਾਪਤ ਹੋਵੇ ਅਰ ਹਰ ਇਕ ਤੇ ਦਯਾ ਕਰੇ ॥
ਦੰਦ ਸੋਨੇ ਦਾ ਵੇਖਣਾ	ਬੀਮਾਰ ਹੋਣੇ ਦੀ ਨਸ਼ਾਨੀ ਹੈ ॥
ਦੰਦ ਚਾਂਦੀ ਦਾ	ਮਾਲ ਧਨ ਦਾ ਨਾਸ ਹੋਜਾਵੇ ਅਰ ਬੜੀ ਬਿਪਤਾ ਸਹਾਰੇ ॥
ਦੰਦ ਲਕੜੀ ਦਾ	ਮਰ ਜਾਵੇ ਜਾਂ ਕਿਸੇ ਕਠਨ ਰੋਗ ਨਾਲ ਬਿਮਾਰ ਹੋਜਾਵੇ ਲੋਕ ਉਸਨੂੰ ਬੁਰਾ ਜਾਨਣ ॥
ਦਲਾਲ	ਕਿਸੇ ਚੰਗੇ ਗੁਰੂ ਦਾ ਦਰਸਨ ਹੋਵੇ ॥
ਦੋਸ਼ਾਲਾ	ਰਾਜਾ ਥੀਂ ਕੋਈ ਅਜੇਹੀ ਖਬਰ ਸੁਣੇ ਜੇਹੜੀ ਕਦੇ ਨਾ ਸੁਣੀ ਹੋਵੇਗੀ ॥
ਦੁਧ ਚੋਣਾ	ਸਰੀਰ ਬਲਵਾਨ ਹੋਵੇ ਕਿਸੇ ਇਸਤ੍ਰੀ ਥੀਂ ਲਾਭ ਉਠਾਵੇ ॥

ਸੁਪਨਾ	ਫਲ
ਦੁਧ ਗਊਦਾ ਪੀਣਾ	ਭਾਈ ਜਨਮੇ ਅਰ ਮਾਤਾ ਬੀਮਾਰ ਹੋਵੇ ਤਾਂ ਅਰੋਗ ਹੋਜਾਵੇ ਓਸਦੇ ਸਭ ਦੁਖਦੂਰ ਹੋਜਾਵਨ
ਦੁਧ ਭੇਡਦਾ ਪੀਣਾ	ਬੜੀ ਬਿਪਤਾ ਮਹਾਰਨੀ ਪਵੇ ॥
ਦਵਾਤ	ਇਸਤ੍ਰੀ ਜਾਂ ਦਾਸੀ ਨੂੰ ਗਰਭ ਹੋਵੇ ॥
ਦੁਕਾਨ ਤੇ ਬੈਠਣਾ	ਉੱਚੀ ਪਦਵੀ ਪਾਵੇ ਅਰ ਓਸਦਾ ਸਭ ਮਨੁੱਖ ਮਾਨ ਸਤਕਾਰ ਕਰਨ ॥
ਦੋਹਾਂ ਹੱਥਾਂ ਨੂੰ ਮੇਂਹਦੀ ਲਗਾਵਨੀ	ਜੇਕਰ ਸੁਪਨੇ ਵਿਚ ਕੋਈ ਮਰਦ ਵੇਖੇ ਕਿ ਓਸਨੇ ਅਪਨੇ ਦੋਹਾਂ ਹੱਥਾਂ ਨੂੰ ਮੇਂਹਦੀ ਲਗਾ- ਈ ਹੋਈ ਹੈ ਤਾਂ ਠੀਕ ਨਹੀਂ ਓਸਦੇ ਰੁਜ਼ਗਾਰ ਵਿੱਚ ਖਰਾਬੀ ਹੋਵੇ ਅਰ ਜੇਕਰ ਇਸਤ੍ਰੀ ਅਪਨੇ ਦੋਹਾਂ ਹੱਥਾਂ ਨੂੰ ਮੇਂਹਦੀ ਨਾਲ ਰੰਗਿਆ ਹੋਇਆ ਵੇਖੇ ਤਾਂ ਓਸਦੇ ਵਾਸਤੇ ਸ਼ੁਭ ਹੈ ਓਹ ਕਿਸੇ ਮਨੁੱਖ ਨਾਲ ਚਿਤ ਪਰਚਾਵੇ ਅਰ ਸੁਖ ਲਵੇ ॥
ਦਹੀ	ਸਭ ਫਿਕਰ ਚਿੰਤਾ ਦੂਰ ਹੋਜਾਵਨ ਅਰ ਖਾਨ ਪਾਨ ਦੇ ਪ੍ਰਬੰਧ ਵਾਸਤੇ ਕੁਝ ਮਿਲੇ ॥
ਦੇਗ ਅਰ ਦੇਗਦਾਨ	ਉੱਤਮ ਘਰ ਮਿਲੇ ॥
ਦੁਲਦੁਲ ਵੇਖਣਾ	ਫਿਕਰ ਚਿੰਤਾ ਬਹੁਤ ਹੋਵੇ ਅਰ ਪਰੇਸ਼ਾਨੀ ਰਹੇ ॥
ਦੇਵਾਤ	ਦੇਹ ਅਰੋਗ ਰਹੇ ਸਭ ਤਰ੍ਹਾਂ ਨਾਲ ਸੁਖ ਪ੍ਰਾਪਤ ਹੋਵੇ ॥

ਸੁਪਨਾ	ਫਲ
ਦਹੀ ਰਿੜਕਨਾ	ਜੇਕਰ ਇਸਤ੍ਰੀ ਸੁਪਨੇ ਵਿੱਚ ਦਹੀ ਰਿੜਕੇ ਤੇ ਉਸਦਾ ਅਪਨੇ ਪਤਿ ਨਾਲ ਗੂੜ੍ਹਾ ਪਿਆਰ ਹੋਜਾਵੇ ਕੰਵਾਰੀ ਵੇਖੇਤਾਂਉਸਨੂੰ ਮਨ ਲੋੜ੍ਹਿਆ ਪਤੀ ਮਿਲੇ ਅਰ ਬੜਾ ਸੁਖ ਭੋਗੇ ॥
ਦਾੜ੍ਹੀ	ਪਦਵੀ ਵਧੇ ਇੱਜ਼ਤ ਦੂਨੀ ਹੋਵੇ ॥
ਦਾੜ੍ਹੀ ਲੰਮੀ	ਧਨ ਬ੍ਰਿਧੀ ਦਾ ਲੱਛਨ ਹੈ ॥
ਦਾੜ੍ਹੀ ਛੋਟੀ	ਕਰਜ਼ ਘੱਟੇ ਉਚੀ ਪਦਵੀ ਤੋਂ ਗਿਰੇ ॥
ਦਾੜ੍ਹੀ ਕੱਟਣੀ	ਇੱਜ਼ਤ ਘਟੇ ਉੱਚੀ ਪਦਵੀ ਤੋਂ ਗਿਰੇ ।
ਦਾੜ੍ਹੀ ਵਾਲੀ ਇਸਤ੍ਰੀ	ਜੇਹੜੀ ਇਸਤ੍ਰੀ ਏਹ ਸੁਪਨਾ ਵੇਖੇ ਉਸਦਾ ਪਤਿ ਨਾਲ ਬੜੀਹੀ ਛੇਤੀ ਮਿਲਾਪ ਹੋਵੇਜੇ ਮਨੁਖ ਏਹ ਸੁਪਨਾ ਵੇਖੇ ਤਾਂ ਉਸ ਦੀ ਇਸਤ੍ਰੀ ਉਸ ਥੀਂ ਜੁਦਾ ਹੋਵੇਗੀ ॥
ਦਾੜ੍ਹੀ ਵਾਲੀ ਲੜਕੀ ਅਪਨੇ ਆਪ ਵੇਖੇ	ਜਵਾਨੀ ਵਿਚ ਜ੍ਹਾਂ ਜਵਾਨੀ ਤੋਂ ਪੇਹਲਾਂ ਵੇਖੇ ਤਾਂ ਉਸਦਾ ਕਿਸੇ ਚੰਗੇ ਮਨੁਖ ਨਾਲ ਵਿਆਹ ਹੋਜਾਵੇ ॥
ਦਾੜ੍ਹੀ ਸਫੇਦ	ਰੁਤਬਾ ਅਰ ਦੌਲਤ ਵਧਨ ਦੀ ਨਸ਼ਾਨੀ ਹੈ ਇੱਜ਼ਤ ਵਧੇ ॥
ਦਾੜ੍ਹੀ ਕਾਲੀ	
ਦਾੜ੍ਹੀ ਪੁਟਨੀ	ਕਿਸੇ ਦਾ ਇਸ਼ਕ ਲੱਗੇ ਪਰ ਦਿਲ ਦੀ ਮੁਰਾਦ ਪੂਰੀ ਨਾ ਹੋਵੇ ॥
ਦਾੜ੍ਹੀ ਨੂੰ ਖਿਜ਼ਾਬ ਜਾਂ ਵਸਮਾਂ ਜਾਂ ਮੇਹਦੀ ਲਾਣੀ	ਜੇਹੜੇ ਸਫੈਦ ਤੇ ਸੁੰਦਰ ਤੇ ਬਹੁ ਮੁਲ ਜੇਹ ਕਪੜੇ ਧਾਰਨ ਕਰਨ ਵਾਲਾ ਹੋਵੇ ਉਸ ਨੂੰ ਤੇਹੇ ਮਾ ਮਿਲਨ ਏਸ ਕਰਕੇ ਓਹ ਦੁਖੀ ਰਹੇ
ਦਾੜ੍ਹੀ ਸੰਘਨੀ ਵੇਖਨੀ	ਜੇ ਅਮੀਰ ਵੇਖੇ ਤਾਂ ਉਸਦੇ ਧਨ ਦੀ ਬ੍ਰਿਧੀ ਹੋਵੇ ਅਰ ਗਰੀਬ ਵੇਖੇ ਤਾਂ ਪੂੰਜ ਕਰਜਾਈ ਹੋਵੇ
ਦਾੜ੍ਹੀ ਦੇ ਵਾਲ ਝੜਦੇ ਹੋਏ ਨਜ਼ਰ ਆਉਨੇ	ਦੁਖ ਅਰ ਫਿਕਰ ਚਿੰਤਾ ਦਾ ਲੱਛਨ ਹੈ ॥

ਸੁਪਨਾ	ਫਲ
ਦੀਵਾ	ਲੰਮੀ ਉਮਰਾ ਹੋਵੇ ਅਰ ਸੁਖ ਮਿਲੇ ॥
ਦਾਨ ਦੇਨਾ	ਰੋਗ ਦੂਰ ਹਵੇ ਜੇਕਰ ਕਿਸੇ ਨੂੰ ਭੋਜਨ ਦਾਨ ਕਰਕੇ ਖਵਾਵੇ ਤਾਂ ਕਠੋਰ ਚਿੱਤ ਹੋਵੇ

ਦੁੱਧ

ਜੇਹੜਾ ਸੁਪਨੇ ਵਿੱਚ ਦੁਧ ਮੁੱਲ ਲੈਂਨਾ ਹੈ ਏਹ ਖੁਸ਼ੀ ਦੀ ਨਸ਼ਾਨੀ ਹੈ ਦੁਧ ਵੇਚਨਾ ਠੀਕ ਨਹੀਂ ਏਹ ਨੇਹਸ ਹੈ ਇੰਸ ਨਾਲ ਦੁਖ ਪ੍ਰਾਪਤ ਹੁੰਦਾ ਹੈ ਕਿਸੇ ਨੂੰ ਬਿਨਾ ਮੁਲ ਦੇ ਦੇਨਾ ਤਾਂਵੀ ਤੁਹਾਨੂੰ ਬੜਾ ਆਨੰਦ ਪ੍ਰਾਪਤ ਹੋਵੇਗਾ ਜੇਕਰ ਇਸਤ੍ਰੀ ਦੇ ਥਨਾ ਵਿਚੋਂ ਦੁਧ ਦੋਆਂ ਧਾਰਾਂ ਚੱਲਨ ਤਾਂ ਹਰਇਕ ਕੰਮ ਵਿੱਚ ਖੁਸ਼ੀ ਹਾਸਲ ਹੋਵੇਗੀ ਅਰ ਉਸਦੇ ਘਰ ਕੋਈ ਪੁਤ੍ਰ ਜੰਮਨਗੇ ॥

ਦੌੜਨਾ

ਜੇਕਰ ਤੁਸੀਂ ਪੈਰੀ ਦੌੜੋ ਤਾਂ ਤੁਸੀ ਓਹਨਾਂ ਲੋਕਾਂ ਤੋਂ ਵਧ ਜਾਓਗੇ ਜਿਨਾਂ ਲੋਕਾਂ ਨਾਲ ਤੁਹਾਡੀ ਸ਼ਰਤ ਲਗਾਈ ਜਾਏਗੀ ਅਰ ਜਿਨਾਂ ਨਾਲ ਮੁਕਾਬਲਾ ਕਰਾਇਆ ਜਾਵੇਗਾ ਜੇਕਰ ਤੁਸੀ ਘੋੜ ਦੌੜ ਦੌੜੋ ਅਰਥਾਤ ਕਿਸੇ ਘੋੜੇ ਤੇ ਚੜ੍ਹਕੇ ਦੌੜਾਓ ਤਾਂ ਤੁਹਾਡੀ ਇੱਛਾ ਪੂਰੀ ਨਹੀਂ ਹੋਵੇਗੀ ॥

	ਧ
ਧੂਵਾਂ	ਲੜਾਈ ਝਗੜਾ ਹੋਵੇ ॥
ਧਨਖ	ਏਹਵੀ ਯੁਧਦੀ ਨਸ਼ਾਨੀ ਹੈ ॥
ਧਨੀਆ	ਮਨੁੱਖ ਵੇਖੇ ਤਾਂ ਓਸਨੂੰ ਨਮਰਦੀ ਦੀ ਮਰਜ ਹੋ ਇਸਤ੍ਰੀ ਵੇਖੇ ਤਾਂ ਬਲਵਾਨ ਹੋਵੇ ॥
ਧਰਮਸਾਲ਼	ਪਰਮਾਤਮਾਂ ਦਾ ਪਿਆਰਾ ਭਗਤ ਹੋਵੇ ਸੱਚ ਬੋਲੇ ਕਿਸੇ ਨੂੰ ਦੁਖ ਨਾ ਦੇਵੇ ॥

ਸੁਪਨਾ	ਫਲ
ਧਰੇਕ ਬ੍ਰਿਛ ਵੇਖਣਾ	ਰੋਗੀ ਦਾ ਰੋਗ ਘਟੇ
ਜਾਂ ਧਰੇਕ ਖਾਣੀ	
ਦੈਨ ਕੱਟਣੀ	ਰੋਗੀ ਦਾ ਰੋਗ ਦੂਰ ਹੋਵੇ ਕਰਜ਼ਾਈ ਦਾ ਕਰਜ਼ ਦੂਰ ਹੋਵੇ ॥

ਨ

ਨਦੀ ਤੋਂ ਪਾਰ ਹੋਣਾ	ਰਾਜਾ ਕੋਲੋਂ ਲਾਭ ਹੋਵੇ ॥
ਨਦੀ	ਹਾਕਮ ਕੋਲੋਂ ਬਹੁਤ ਧਨ ਪ੍ਰਾਪਤ ਹੋਵੇ ॥
ਨਦੀ ਵਿੱਚ ਤਰਨਾ	ਵਿਦਯਾ ਪੜ੍ਹਨੇ ਵਿੱਚ ਬਹੁਤ ਸਮਾਂ ਸਰਫ਼ ਕਰੇ ॥
ਨਦੀ ਵਿੱਚ ਡੁੱਬਣਾ	ਕਿਸੇ ਪਾਪ ਕਰਕੇ ਫੜਿਆ ਜਾਵੇ ਅਤੇ ਸਜ਼ਾ ਪਾਵੇ ਅਰ ਦਿਨ ਪਿਛੋਂ ਖਲਾਸੀ ਪਾਵੇ॥
ਨਾਫਾ ਕਸਤੂਰੀ	ਕਵਾਰੀ ਇਸਤ੍ਰੀ ਨਾਲ ਭੋਗ ਕਰੇ ਅਰਥਾਤ ਖੋਟਾ ਕਰਮ ਕਰੇ ॥
ਨਾਖੁਨ	ਜੇਕਰ ਕਟੇ ਹੋਏ ਹੋਵਨ ਅਰ [illegible] ਤਾਂ ਬਲਵਾਨ ਹੋਵੇ ਅਰ ਜੇ [illegible] ਨਾ ਹੋਵਨ ਤਾਂ ਫ਼ਿਕਰ ਚਿੰਤਾ ਬਹੁਤ ਹੋਵੇ ॥
ਨਾਖੁਨ ਲੰਮੇ	ਸ਼ੱਤ੍ਰੂ ਤੇ ਜੀਤ ਪਾਵੇ ਦਿਲ ਦੀ ਆਸ ਪੂਰੀ ਹੋਵੇ ਹੋਰ ਵੀ ਬਹੁਤ ਸੁਖ ਪਾਵੇ ॥
ਨਾਖੁਨ ਕੱਟਣਾ	ਰੋਗੀ ਦਾ ਰੋਗ ਦੂਰ ਹੋ ਜਾਵੇ ਅਰ ਕਰਜ਼ਾਈ ਦਾ ਕਰਜ਼ ਉਤਰ ਜਾਵੇ ॥
ਨੱਕ ਲੰਮਾਂ	ਲੰਮੀ ਉਮਰਾ ਹੋਵੇ ਉੱਚੀ ਪਦਵੀ ਮਿਲੇ ਚੰਗਾ ਰੁਤਬਾ ਮਿਲੇ ਪੁਤ੍ਰ ਪੈਦਾ ਹੋਵੇ ॥
ਨੱਕ ਵਿੱਚੋਂ ਲਹੂ ਵੱਗਣਾ	ਹਰਾਮ ਦਾ ਮਾਲ ਮਿਲਣ ਦੀ ਨਸ਼ਾਨੀ ਹੈ [illegible]
ਨਾਨ ਬਹੁਤ ਵੇਖਣੇ ਜਾਂ ਖਮਤਾ ਤੇ ਨਾਨ ਪਕਾਈ	ਲੰਮੀ ਉਮਰਾ ਹੋਵੇ ਅਰ ਜ਼ਿੰਦਗੀ [illegible] ਦਾ ਨਸ਼ਾਨ ਹੈ ਅਰ ਚੰਗਾ [illegible] ਮਿਲੇ

ਸੁਪਨਾ	ਫਲ
	ਲੜਾਈ ਝਗੜੇ ਸਭ ਦੂਰ ਹੋਜਾਵਣ ॥
[illegible]	ਇਸਤ੍ਰੀ ਨੂੰ ਗਰਭ ਹੋਵੇ ਅਰ ਪੁਤ੍ਰ ਜਨਮੇ ॥
ਨਸ਼ਾ ਸ਼ਰਾਬ	ਝਲਵਾ ਹੋਣਦਾ ਲੱਛਨ ਹੈ ॥
ਨਕਾਹ ਕਰਨਾ	ਜਿਤਨੀ ਓਹ ਇਸਤ੍ਰੀ ਸੁੰਦ੍ਰ ਸਰੂਪ ਵਾਨ ਹੋਵੇਗੀ ਓਤਨਾਹੀ ਬਹੁਤ ਧਨ ਪ੍ਰਾਪਤ ਹੋਵੇਗਾ
ਨਰਕ ਵਿੱਚੋਂ ਨਿਕਲਨਾ	ਧਰਮਾਤਮਾ ਹੋਵੇ ਸ਼ੁੱਭ ਕਰਮ ਕਰੇ ॥
ਨਗਾਰਾ ਵੇਖਨਾ	ਰਾਜ ਮਿਲੇ ਅਰ ਸੰਸਾਰ ਵਿੱਚ ਨਾਮ ਪ੍ਰਸਿੱਧ ਹੋਵੇ
ਨਰਗਸਦਾ ਫੁਲ	ਸੁੰਦ੍ਰ ਸਰੂਪ ਵਾਨ ਇਸਤ੍ਰੀ ਪ੍ਰਾਪਤ ਹੋਵੇ ਅਰ ਧਨਦੀ ਪ੍ਰਾਪਤੀ ਹੋਵੇ ॥
[illegible]	ਸਭ ਸੰਸਾਰੀ ਵਸ ਵਿੱਚ ਹੋਵਨ ਇਸਤ੍ਰੀ ਵੀ ਆਗਿਆ ਕਾਰੀ ਰਹੇ ਅਫਸਰ ਅਰ ਹਾਕਮ ਮਿਹਰਬਾਨ ਹੋਵਨ ਅਰ ਧਨ ਪੁਤ੍ਰ ਦੀ ਪ੍ਰਾਪਤੀ ਹੋਵੇ
[illegible]	ਜਿਸ ਕੰਮਦੀ ਇੱਛਾ ਹੋਵੇ ਓਹ ਪੂਰਾ ਹੋਜਾਵੇ ਫਿਕਰ ਚਿੰਤਾ ਦੂਰ ਹੋਵੇ ॥
ਨਾਚ ਵੇਖਨਾ	ਹਰ ਰੋਜ਼ ਖੁਸ਼ੀਆਂ ਵੇਖਦੇ ਰਹੋ ਫਿਕਰ ਚਿੰਤਾ ਨੇੜੇ ਨਾ ਆਵੇ ॥
[illegible]	[illegible] ਹੋਵੇਤਾਂ ਉਮਰਾ ਲੰਮੀ ਹੋਵੇ ॥
ਨਮਾਜ਼ ਕਰਦਿਆਂ ਨੂੰ ਵੇਖਣਾ	ਤੰਗੀਈ ਦੂਰ ਹੋਜਾਵੇ ਧਨ ਬਹੁਤ ਪ੍ਰਾਪਤ ਹੋਵੇ।
[illegible]	ਕਿਸੇ ਵੇਰ ਜੋ ਦੁਸ਼ਮਨ ਨਾਲ ਸਾਹਮਨਾ ਹੋਵੇ
ਨਮਾਜ਼ ਪੜ੍ਹਨੀ	ਸਭ ਇੱਛਾ ਪੂਰੀਆਂ ਹੋਵਨ ਸ਼ੱਤ੍ਰੂ ਭੈ ਕਰਨ ਅਰ ਮਿਤ੍ਰ ਪਿਆਰ ਕਰਨ ਜੇ ਫ਼ੱਕੀਰ ਨਾ ਆਖੇ ਤਾਂ ਮੌਤ ਦੀ ਨਸ਼ਾਨੀ ਹੈ ਜੇ ਨਮਾਜ਼

ਸੁਪਨਾ	ਫਲ
ਨਗੀਨਾ	ਵੱਡੇ ਆਰਾਮ ਹੋਵੇ ਜਾਂ ਵੈਮ ਜਾਂ ਮਰਤਬਾ ਪਾਵੇ ਸਰਦਾਰੀ ਹਕੂਮਤ ਦੀ ਨਸ਼ਾਨੀ ਹੈ ਜਾਂ ਪੁਤ੍ਰ ਪੈਦਾ ਹੋਣੇ ਦਾ ਲੱਛਨ ਹੈ।
ਨਿੱਛਣਾ	ਜਿਹੜੀ ਆਸ ਵੱਡੀ ਹੀ ਪੂਰੀ ਹੋਵੇ॥
ਨਰਕ ਵਿੱਚ ਜਾਨਾ	ਏਹ ਸੁਪਨਾ ਠੀਕ ਨਹੀਂ ਵੇਖਣੇ ਵਾਲਾ ਬਹੁਤ ਦੁਖ ਪਾਵੇ॥

ਪ

ਸੁਪਨਾ	ਫਲ
ਪਾਨੀ ਖੂਹਦਾ	ਲਾਭ ਹੋਵੇ ਅਰ ਲੜਾਈ ਝਗੜਾ ਬੰਦ ਹੋਵੇ
ਪਾਨੀ ਖੂਗਦਾ	ਜੇਹੜਾ ਕਾਮ ਕਰਨਾ ਹੋਵੇ ਜੋ ਜੇਹੜੀ ਇੱਛਾ ਹੋਵੇ ਸਭ ਪੂਰੀ ਹੋਵੇ॥
ਪਾਨੀ ਖਾਰਾ	ਫਿਕਰ ਅਰ ਚਿੰਤਾ ਰਹੇ ਧਨ ਦਾ ਨਾਸ ਹੋਵੇ॥
ਪਾਨੀ ਸਾਫ਼ ਅਰ ਮਿੱਠਾ	ਪ੍ਰਸੰਨਤਾਈ ਦਾ ਲੱਛਨ ਹੈ ਉਮਰ ਲੰਮੀ ਹੋਵੇ
ਪੈਰ	ਦੌਲਤ ਅਰ ਧਨ ਦੀ ਬ੍ਰਿਧੀ ਦਾ ਲੱਛਨ ਹੈ।
ਪੈਰ ਜ਼ਮੀਨ ਉੱਤੇ ਮਾਰਨਾ	ਬਿਪਤਾ ਵਿੱਚ ਫਸਨ ਦੀ ਨਸ਼ਾਨੀ ਹੈ॥
ਪਾਨੀ ਛੱਪੜ ਜੋ ਡਾਲਾ ਬਦਾ ਪੀਨਾ	ਧਨ ਅਨਗਿਨਤ ਪ੍ਰਾਪਤ ਹੋਵੇ॥
ਪਾਨੀ ਦਰਯਾ ਅਰਥਾਤ ਨਦੀ ਜਾਂ ਨਾਲੇ ਦਾ ਪੀਨਾ	ਰਾਜਾ ਹੋਵੇ ਜਾਂ ਦੌਲਤ ਦੇ ਹਾਕਮ ਥੀਂ ਲਾਭ ਹੋਵੇ॥
ਪਾਨੀ ਦਰਯਾ ਦਾ ਸਾਰਾ ਹੀ ਪੀ ਜਾਨਾ	ਰਾਜਾ ਹੋਵੇ ਜਾਂ ਧਨਵਾਨ ਹੋ ਕਰ ਰਹੇ॥
ਪਾਲਾ ਲੱਗਣਾ	ਇਸਤ੍ਰੀ ਪ੍ਰਾਪਤੀ ਦਾ ਲੱਛਨ ਹੈ॥
ਪਾਨੀ ਪੀਕੇ ਰੱਜਣਾ	ਚੰਗਾ ਲੱਛਨ ਹੈਨ ਹਰ ਇਕ ਨਾਲ ਭਲਾਈ ਕਰੇ ਅਰ ਜਿਸਦੀ ਵੀ ਕਮਾਈ ਹੋਵੇ॥

ਸੁਪਨਾ	ਫਲ
[illegible]	ਸੁਪਨੇ ਦਾ ਝੂਠਾ ਅਰਥਾਤ ਕਰਕੇ ਫਿਰ [illegible] ਪ੍ਰਸਿੱਧ ਹੋਵੇ ਅਤੇ ਸਾਰੇ ਹੀ ਲੋਕਾਂ ਵਿਚ [illegible] ਹੋਵੇ।
[illegible]	ਰੋਗ [illegible] ਮਿਲੇ ਜਿਸਦੀ ਕੁਝ [illegible] ਨਾ ਹੋਵੇ
[illegible] ਵੇਖਣਾ	ਜੇਕਰ [illegible] ਸੁਪਨੇ ਵਿੱਚ [illegible] ਵੇਖੇ ਤਾਂ ਉਸਨੂੰ ਆਪਣੇ ਮਿਤ੍ਰ ਦਾ ਮਿਲਾਪ ਹੋਵੇ ਅਤੇ [illegible] ਹੀ ਆਨੰਦ ਲਵੇ ਅਰ ਸਦਾ [illegible] ਆਪ ਨੂੰ [illegible] ਰਹੇ ਜੇਕਰ [illegible] ਸੁਪਨਾ ਵੇਖੇ ਤਾਂ ਸੀਸ ਨੂੰ ਉਪਰ [illegible] ਜਲ ਦਾ ਹੀ [illegible] ਚਾਹੀਦਾ ਹੈ ॥
[illegible] ਵੇਖਣਾ	ਲਾਭ ਹੋਵੇ ਖੁਸ਼ ਆਨੰਦ ਹੋਵੇ ॥
[illegible] ਹੋਇਆ	ਚਿੰਤਾ ਅਰ [illegible] ਨੀ ਹੋਵੇ ॥
[illegible] ਫਿਰਨਾ	ਬੇਇਲਮ ਰਹੇ ਅਰ ਬੁਰੇ ਕੰਮ ਕਰੇ ॥
ਮੋਰੀ ਨੂੰ ਵੇਖਣਾ	[illegible] ਦੀ ਬ੍ਰਿਧੀ ਹੋਵੇ ਪਦਵੀ ਉਚੀ ਪ੍ਰਾਪਤ ਹੋਵੇ ਜੇਕਰ ਰੋਗੀ ਹੋਵੇ ਤਾਂ ਉਸਦਾ ਰੋਗ ਦੂਰ [illegible] ਅਰ ਸੋਗ ਚਿੰਤਾ ਦੂਰ ਖੁਸ਼ੀ ਅਰ ਆਨੰਦ ਪ੍ਰਾਪਤ ਹੋਵੇ ॥
[illegible]	[illegible] ਇਸਤ੍ਰੀ ਦੀ ਸੇਜ ਤੇ ਸੁੰਦ੍ਰੀ ਮੋਹਤ [illegible] ਆਨੰਦ ਲਵੇ ॥
[illegible]	[illegible] ਹੋਵੇ ਤਦ ਤਾਂ ਲਾਭ [illegible] ਖਰਚੀ ਹੋਵੇ ਤਾਂ ਹਾਨੀ ਹੋਵੇ ॥
[illegible]	[illegible] ਬਲਵਾਨ ਸ਼ਤ੍ਰੂ ਤੇ [illegible] ਕਿਸੇ ਹੋਰ ਉਚੀ ਥਾਂ ਤੇ [illegible] ਵਲ ਸਮਝਣਾ ॥

ਸੁਪਨਾ	ਫਲ
ਪੈਹਨਣੇ ਦੇ ਵਸਤ੍ਰ	ਫਿਕਰ [illegible] ਅਰ ਖਰਾਬੀ ਬਹੁਤ ਹੋਵੇ ॥
ਪਤੰਗਾ (ਪਰਵਾਨਾ)	ਅਪਨੀ [illegible] ਅਪਨੇ ਆਪ ਨੂੰ ਬਿਪਤਾ ਵਿਚ ਪਾਵੇ ਅਤੇ ਕਿਸੇ ਦੀ ਸੂਰਤ ਵਲ ਲਗਾ ਹੋਵੇ
ਪਸ਼ਮ ਕਿਸੇ ਪਸ਼ੂ ਦੀ ਪਿੰਡ	ਹੋਣੀ ਬਰਾਬਰ ਮਹਾਤਮਾਂ ਦੀ [illegible] ਨਾਲ ਹੋਜਾਵੇ ॥
[illegible]ਥਰ ਸੁੱਟਣਾ	ਝੂਠ ਅਤੇ ਤੁਹਮਤ ਵਿਚ ਪਕੜਿਆ ਜਾ[illegible]
ਪੈਸ਼ ਦੀ ਪ੍ਰਾਪਤੀ	ਖੁਸ਼ੀ ਦੀ ਨਸ਼ਾਨੀ ਹੈ ਪਰ ਖਿਆਨਤ ਕਰਨ ਨਾਲ ਪਰਾਇਆ ਮਾਲ ਹੱਥ ਆਵੇ ਅਰ ਮਾਮਲੇ ਆਦੀ ਕੰਮਾਂ ਵਿਚ ਕਸਰ ਹੋਜਾਵੇ।
ਪੇਸ਼ਾਬ ਕਰਦੀ ਹੋਈ ਇਸਤ੍ਰੀ ਵੇਖਣੀ	ਕਾਮਦੇਵ ਦੀ ਵਿਸ਼ਈ ਹੋਵੇ ਅਰ ਭੋਗ ਕਰੇ ॥
ਪੇਸ਼ਾਬ ਕਰਨਾ	ਸੁਪਨਾ ਵੇਖਣ ਵਾਲੇ ਦਾ ਪੁਤ੍ਰ ਰਾਜਾ ਹੋਵੇ ਅਤੇ ਆਪ ਮਰਜਾਵੇ ॥
ਪੇਸ਼ਾਬ ਲਹੂ ਦਾ ਕਰਨਾ	ਇਸਤ੍ਰੀ ਦੇ ਦਿਨਾਂ ਵਿਚ [illegible] ਹੀ ਬਿਪਤਾ ਸਹਾਰੇ ॥
ਪੇਸ਼ਾਬ ਕਰਨਾ ਕਪੜੇ ਤੇ	ਬਨੋਜਾ ਹੋਵੇ ਜੇਕਰ ਚੰਗੀ ਕੰਮ ਕਰਨ ਵਾਲਾ ਹੋਵੇ ਅਤੇ [illegible] ਨੌਕਰ ਹੋਵੇ
ਪੇਜ਼ਾ ਵੇਲਨਾ	ਮਜ਼ੇ ਅਰ ਆਨੰਦ ਪ੍ਰਾਪਤ ਹੋਵੇ ॥
ਪੇਟੀ ਬਨ੍ਹਣੀ	ਏਹ ਸੁਪਨਾ ਵੇਖਣ ਵਾਲਾ ਵਡਾ ਬਲ ਵਾਨ ਹੋਵੇ ਪ੍ਰਸਿੱਧ ਹੋਵੇ

ਪਹਾੜ

ਜੇਕਰ ਪਹਾੜ [illegible] ਵੇਖਿਆ ਜੇਕਰ ਉਸਤੋਂ [illegible] ਤੁਹਾਡੇ ਨੂੰ [illegible] ॥

ਫੁਲ

ਜੇਕਰ ਤੁਸੀਂ ਸੁਪਨੇ ਵਿਚ ਫੁਲਾਂ ਦੀ ਲੰਘੋ ਅਰ ਤਿਨਾਂ ਦੇ ਢੇਰ ਦੇ ਕੋਲ ਜਾਵੋ ਤਾਂ ਸਾਰੀ ਉਮਰਾ ਹੀ ਪ੍ਰਸੰਨ ਅਰ ਆਨੰਦ [illegible] ਰਹੋਗੇ ਜੇਕਰ ਤੁਸੀਂ ਫੁਲਾਂ ਤੋਂ ਡਿਗ ਪਵੋ ਤਾਂ ਤੁਹਾਡੇ ਤੇ ਛੇਤੀ ਹੀ ਕੋਈ ਬਿਪਤਾ ਆਵੇਗੀ ॥

ਪਾਨੀ

ਜੇਕਰ ਤੁਸੀਂ ਸੁਪਨੇ ਵਿੱਚ ਗੰਦਲੇ ਪਾਨੀ ਪੀਓ ਤਾਂ ਤੁਹਾਨੂੰ ਕੋਈ ਬਿਪਤਾ ਪਏਗੀ ਜੇਕਰ ਅੰਦਰੋਂ ਸਾਫ਼ ਪਾਨੀ ਬਾਹਰ ਨਿਕਲੇ ਤਾਂ ਤੁਹਾਡੀ ਨੌਕਰੀ ਛੁਟ ਜਾਵੇਗੀ ਜੇਕਰ ਮੈਲਾ ਤੇ ਗੰਦਾ ਪਾਨੀ ਨਿਕਲੇ ਤਾਂ ਤੁਹਾਨੂੰ ਬੜੀ ਭਾਰੀ ਬਿਪਤਾ ਪਏਗੀ ॥

ਪਿੱਠ

ਜੇਕਰ ਬਾਤਨੂੰ ਸੁਪਨੇ ਵਿਚ ਤੁਸੀਂ ਕਪੜੇ ਪਾਏ ਹੋਏ ਵੇਖਨ ਅਰ ਤੁਹਾਡੀ ਪਿੱਠ ਟੁਟ ਪਵੇ ਜਾਂ ਨੰਗੀ ਹੋਜਾਵੇ ਤਾਂ ਤੁਹਾਡਾ ਕੋਈ ਗੁਪਤ ਸ਼ੱਤ੍ਰੂ ਤੁਹਾਨੂੰ ਦੁਖ ਦੇਨ ਵਾਸਤੇ ਯਤਨ ਕਰੇਗਾ ਜੇਕਰ ਤੁਹਾਡੀ ਪਿੱਠ ਨੰਗੀ ਹੋਵੇਗੀ ਤਾਂ ਤੁਹਾਨੂੰ ਕਾਮ ਚੇਸ਼੍ਟਾ ਬਹੁਤ ਹੋਵੇਗੀ ਅਰ ਅਕੇਲੇ ਹੀ ਕੰਮ ਕਰੋਗੇ ਜੇਕਰ ਤੁਹਾਡੀ ਪਿੱਠ ਨੰਗੀ ਹੋਵੇ ਅਰ ਟੁੱਟ ਜਾਵੇ ਤਾਂ ਤੁਹਾਡਾ ਨੁਕਸਾਨ ਹੋਵੇਗਾ ਜੇਕਰ ਪਿੱਠ ਬੜੀ ਪੱਕੀ ਹੋਜਾਵੇ ਤਾਂ ਤੁਹਾਡਾ ਧਨ ਅਰ ਮਾਨ ਵਧੇਗਾ ॥

ਫ

ਫਲੀਂ ਵੇਖਨੀ	ਧਨ ਵਿਦਿਆ ਅਰ ਲਛਮੀ ਉਮਰਾ ਹੋਵੇਗੀ ਤੇ ਆਖੀਰ
ਫਲੀ ਟੁੱਟੀ ਹੋਈ ਵੇਖਨੀ	ਦੁਖ ਅਰ ਬਿਪਤਾ ਬਹੁਤ ਹੋਵੇ ਅਰ ਝਗੜ [illegible] ਦੇ ਅਸਰ ਹੋਵੇ [illegible] ॥
ਫੁਲਾਂ ਦੇ ਢੇਰ ਵੇਖਨਾ	ਹਰ ਇਕ ਤਰ੍ਹਾਂ ਦਾ ਸੁਖ ਪ੍ਰਾਪਤ ਹੋਵੇ ॥
ਫੁਲ ਮਾਲਾ ਪੈਂਦਾ	ਅਤਿ ਆਨੰਦ ਪ੍ਰਾਪਤ ਹੋਵੇ ॥

ਸੁਪਨਾ	ਫਲ
ਫਾਂਸੀ	ਮਿਤ੍ਰਾਂ ਵਿਚ ਮਾਨ ਹੋਵੇ ਅਰ ਧਨ ਦੀ ਪ੍ਰਾਪਤੀ ਹੋਵੇ ॥
ਫਾਨੂਸ	ਰੋਗੀ ਦਾ ਰੋਗ ਅਰ ਦੁਖੀਏ ਦਾ ਦੁਖ ਦੂਰ ਹੋਵੇ
ਫੁਵਾਰਾ	ਚਿੱਤ ਨੂੰ ਖੁਸ਼ੀ ਹੋਵੇ ਪਿੱਛੋਂ ਧਨ ਦੀ ਹਾਨੀ ਹੋਵੇ।

ਫੁੱਲ

ਜੇਕਰ ਤੁਸੀ ਸੁਪਨੇ ਵਿੱਚ ਫੁਲ ਚੁਨੋ ਤਾਂ ਤੁਹਾਡੇ ਸਭ ਕੰਮ ਪੂਰੇ ਹੁੰਦੇ ਜਾਵਨਗੇ ਅਰ ਮਨੋਰਥ ਸਿੱਧ ਹੋਵਨਗੇ ਜੇਕਰ ਤੁਸੀ ਫੁੱਲਾਂ ਉਤੇ ਤੁਰੇ ਬੈਠੇ ਲੇਟੇ ਤਾਂ ਤੁਹਾਡੀ ਕਿਸੇ ਨਾਲ ਪ੍ਰੀਤ ਹੋਵੇਗੀ ਅਰ ਵਿਆਹ ਹੋਵੇਗਾ ਤੇ ਸਭ ਕੰਮ ਪੂਰੇ ਹੋ ਜਾਵਨਗੇ ਜੇਕਰ ਫੁੱਲ ਤੁਹਾਡੇ ਹੱਥਾਂ ਵਿਚ ਕੁਮਲਾ ਜਾਵਨ ਤਾਂ ਜਾਣੋ ਤੁਹਾਡੀ ਇਸਤ੍ਰੀ ਅਰ ਸੰਤਾਨ ਮਰ ਜਾਵੇਗੀ ਨਹੀਂ ਤੇ ਤੁਹਾਡੀ ਖੁਸ਼ੀ ਜਾਂਦੀ ਰਹੇਗੀ ॥

ਫਲ

ਜੇਕਰ ਤੁਸੀ ਹਰੇ ਫਲ ਇਕੱਠੇ ਕਰੋ ਤਾਂ ਤੁਸੀ ਬੀਮਾਰ ਪੜੋਗੇ ਜੇਕਰ ਪੱਕੇ ਹੋਏ ਅਰ ਲਾਲ ਰੰਗਦੇ ਇਕੱਠੇ ਕਰੋ ਤਾਂ ਤੁਸੀ ਸੁਖੀ ਰਹੋਗੇ ਤੁਹਾਡੀ ਇੱਜ਼ਤ ਅਰ ਧਨ ਦੂਨਾ ਹੋਵੇਗਾ ॥

ਬ

ਬਰਫ਼ ਖਾਣਾ	ਚਿੱਤ ਨੂੰ ਖੁਸ਼ਹਾਲੀ ਹੋਵੇ ਅਰ ਫਿਕਰ ਚਿੰਤਾ ਦੂਰ ਹੋਵੇ॥
ਬਾਦਾਮ ਵੇਖਣਾ	ਧਨ ਬ੍ਰਿਧੀ ਦਾ ਲੱਛਨ ਹੈ ॥
ਬਾਜ਼ ਨਾਲ ਸ਼ਿਕਾਰ ਕਰਨਾ	ਸਭਲੋਕ ਉਸਦੇ ਵਸ ਵਿੱਚ ਹੋਜਾਵਨ ਅਰ ਉਸਦਾ ਹੁਕਮ ਮੰਨਨ ॥

ਸੁਪਨਾ	ਫਲ
ਬਾਗ ਵੇਖਣਾ	ਜੇਕਰ ਹਰਾ ਭਰਾ ਹੋਵੇ ਤਾਂ ਖੁਸ਼ੀ ਹੋਵੇ ਜੇਕਰ ਸੁਕਾ ਹੋਇਆ ਹੋਵੇ ਤਾਂ ਫ਼ਿਕਰ ਚਿੰਤਾ ਤੇ ਦੁਖ ਹੋਵੇ ॥
ਬਾਂਹ ਕੱਟੀ ਹੋਈ ਵੇਖਣੀ	ਕਿਸੇ ਮਿਤ੍ਰ ਜਾਂ ਭਾਈ ਦਾ ਦੁਖ ਹੋਵੇ।
ਬਾਂਹ ਸੱਜੀ ਵੇਖਣੀ	ਪੁਤ੍ਰ ਜਾਂ ਭਾਈ ਜਾਂ ਮਿਤ੍ਰ ਨੂੰ ਮਿਲੇ ॥
ਬਾਂਹ ਖੱਬੀ ਵੇਖਣੀ	ਇਸਤ੍ਰੀ ਜਾਂ ਧਨ ਦਾ ਮੇਲ ਹੋਵੇ ॥
ਬਦਨ ਬਿਲਾਸਤ ਬਾਤਾਂ ਕਰਨੀਆਂ	ਉਸਦੀ ਸੇਵਾ ਬਹੁਤ ਹੋਵੇ ਤੇ ਉਸਨੂੰ ਕੋਈ ਹੋਰਾਂ ਓਹਦਾ ਮਿਲੇ ॥
ਬਰਦਾ ਮੁੱਲ ਲੈਣਾ	ਸਰਦਾਰੀ ਮਿਲੇ ॥
ਬਰਦਾ ਵੇਚਣਾ	ਫ਼ਿਕਰ ਚਿੰਤਾ ਬਹੁਤ ਹੋਵੇ ਅਤ ਦੁਖ ਉਠਾਵੇ।
ਬੁਰਜ ਵੇਖਣਾ	ਕੋਈ ਬਿਪਤਾ ਪਵੇ ਪਰ ਛੇਤੀ ਹੀ ਦੂਰ ਹੋ ਜਾਵੇ
ਬਾਜ਼ਾਰ ਵੇਖਣਾ	ਧਨ ਬ੍ਰਿਧੀ ਅਤ ਉੱਚੀ ਪਦਵੀ ਮਿਲਨੇ ਦਾ ਲੱਛਣ ਹੈ ॥
ਬੱਕਰੀ ਦਾ ਬੱਚਾ ਵੇਖਣਾ	ਖੁਸ਼ੀ ਦੀ ਨਸ਼ਾਨੀ ਹੈ ॥
ਬਕਰੀ ਚਰਾਨੀ ਜਾਂ ਕੋਈ ਹੋਰ ਪਸ਼ੂ ਚਰਾਨਾ	ਕੌਮ ਦਾ ਸਰਦਾਰ ਹੋਵੇ ॥
ਬਿੱਲੀ ਵੇਖਣੀ	ਕਿਸੇ ਸ਼ੱਤ੍ਰੂ ਨਾਲ ਲੜਾਈ ਹੋਵੇ ॥
ਬਿੱਲੀ ਦਾ ਮਾਸ ਖਾਣਾ	ਗਈ ਹੋਈ ਚੀਜ਼ ਮਿਲ ਜਾਵੇ ਅਤ ਰੁਜ਼ਗਾਰ ਚੰਗਾ ਮਿਲ ਜਾਵੇ ॥
ਬਾਂਦਰ ਵੇਖਣਾ	ਜੇਹੜਾ ਸੁਪਨੇ ਵਿੱਚ ਬਾਂਦਰ ਵੇਖੇ ਓਹ ਜ਼ਰੂਰ ਬੀਮਾਰ ਹੋ ਜਾਵੇਗਾ ॥
ਬਤਾਊਂ ਵੇਖਣਾ	ਜੇਹੜਾ ਬਤਾਊਂ ਵਾਂਗੀ ਕਰਾਰ ਹੋਵੇ ਅਰ ਬਤਾਊਂ ਸੁਪਨੇ ਵਿਚ ਨਜ਼ਰ ਆਵੇ ਤਾਂ ਬੜਾ ਸੁਖ ਹੋਵੇ ਅੱਗੇ ਪਿੱਛੇ ਖੁਸ਼ੀ ਆਨੰਦ ਤੇ ਸੁਖ ਪ੍ਰਾਪਤ ਹੋਵੇ ਏਹ ਨਿਸਚਾ ਜਾਣੋ ॥
ਬੋਹੜ ਵੇਖਣਾ	ਏਸ ਦਰਖ਼ਤ ਵਿੱਚ ਹਰ ਇਕ ਚੀਜ਼ ਬਣੀ

ਸੁਪਨਾ	ਫਲ
	ਸਸਤੀ ਹੋਵੇ ਅਰ ਅੰਨ ਬਹੁਤ ਹੋਵੇ ॥
ਬੈਲ ਸਿਥਲ ਸ੍ਰੀਰਵਾਲਾ ਅਰਥਾਤ ਪਤਲਾ ਵੇਖਨਾ	ਇਸ ਵਰਖ ਵਿਚ ਬੜਾ ਕਾਲ ਪਵੇ ਅਰ ਤੰਗੀ ਰਹੇ ॥
ਬੀਮਾਰ ਜਾਂ ਮੋਇਆ ਹੋਇਆ ਵੇਖਨਾ	ਜੋ ਮਨੁੱਖ ਇਹ ਸੁਪਨਾ ਵੇਖੇ ਓਹ ਅਰੋਗ ਤੇ ਬਲਵਾਨ ਰਹੇ ॥
ਬੁਲ ਬੁਲ	ਪ੍ਰਸੰਨਤਾਈ ਅਰ ਆਨੰਦ ਹੋਵੇ ਜੇ ਰੋਗੀ ਵੇਖੇ ਤਾਂ ਉਸਦਾ ਰੋਗ ਜਾਂਦਾ ਰਹੇ ॥
ਬ੍ਰਿਖ ਬਿਨਾ ਫਲ ਥੀਂ ਅਰ ਬਹੁਤ ਕੰਡਿਆਂ ਵਾਲਾ	ਬੀਮਾਰ ਹੋਵੇ ਸੁਪਨਾ ਵੇਖਨ ਵਾਲਾ ॥
ਬੂਟਾ ਸੇਉਂਦਾ	ਬੜਾ ਹੀ ਭਗਤ ਹੋਵੇ ॥
ਬੂਟਾ ਕਟੂੰਦਾ	ਬਹੁਤ ਲਾਭ ਹੋਵੇ ॥
ਬੂਟਾ ਮੇਵੇਦਾ	ਧਨ ਬੜਾ ਮਿਲੇ ਅਰ ਕਿਸੇ ਸ਼ੱਤ੍ਰੂ ਨਾਲ ਲੜਾਈ ਹੋਵੇ ॥
ਬ੍ਰਿਖਦੇ ਪੱਤ੍ਰ ਵੇਖਨਾ	ਅਜੇਹਾ ਧਨ ਮਿਲੇ ਜੇਹੜਾ ਸਦਾ ਵਧਦਾ ਰਹੇ
ਬ੍ਰਿਖ	ਪੁਤ੍ਰ ਪੈਦਾ ਹੋਵੇ ਕੁਝ ਬਿਪਤਾ ਹੋਵੇ ਅਰ ਬਹੁਤ ਦੁਖ ਨਾ ਹੋਵੇ ॥
ਬ੍ਰਿਖ ਤੇ ਚੜ੍ਹਨਾ	ਜਿਸਥੀਂ ਡਰ ਹੋਵੇ ਉਸਥੀਂ ਛੁਟਕਾਰ ਹੋਜਾਵੇ ਜੇਕਰ ਖੁਰਮੇ ਦੇ ਬ੍ਰਿਖਤੇ ਚੜ੍ਹੇਤ ਬਹੁਤ ਨੁਕਸਾਨ ਹੋਵੇ ॥
ਬਦਲੀ ਦਾ ਕੜਕਨਾ	ਜੇ ਇਹ ਸੁਪਨਾ ਰੋਗੀ ਵੇਖੇਤਾਂ ਛੇਤੀ ਹੱਛਾ ਹੋਜਾਵੇ
ਬੁਤ ਰੱਖਨਾ	ਕੋਈ ਫਿਕਰ ਚਿੰਤਾਂ ਤੇ ਬਿਪਤਾ ਨੇੜੇ ਨ ਆਵੇ ਤੇ ਨਾਹੀ ਕੋਈ ਖੋਟਾ ਕੰਮ ਕਰੇ ॥

ਬੁੱਢੇ ਆਦਮੀ

ਜੇਕਰ ਤੁਸੀ ਸੁਪਨੇ ਵਿੱਚ ਬੁਢੇ ਆਦਮੀ ਵੇਖੋ ਅਰ ਓਹ ਤੁਹਾਡੇ

ਉੱਤੇ ਦੈਯਾ ਕਰਨ ਪਰ ਉਹ ਤੁਹਾਡੇ ਵਿੱਚੋਂ ਨਾ ਹੋਵਨ ਅਰਥਾਤ ਓਹ ਭਿੰਨ ਹੋਵਨ ਅਰ ਓਹਨਾਂਨੂੰ ਵੀ ਤੁਹਾਡੇ ਉੱਤੇ ਦੈਯਾ ਕਰਨ ਕਰਕੇ ਆਨੰਨ ਪ੍ਰਾਪਤ ਹੋਵੇ ਤਾਂ ਤੁਹਾਡੇ ਸਭ ਕੰਮ ਤੇ ਇੱਛਾ ਪੂਰੀਆਂ ਹੋਜਾਵਨ ਗੀਆਂ ਅਰ ਤੁਹਾਡੇ ਭਾਗ ਵੀ ਚੰਗੇ ਹੀ ਹੋਵਨਗੇ ਏਹ ਪੱਕ ਸਮਝ ਲੈਣਾ ਜੋ ਉਪਰ ਲਿਖਯਾ ਹੈ ਏਹੀ ਠੀਕ ਹੈ ।।

ਬਦਬੋ ਜਾਂ ਦੁਰਗੰਧੀ

ਜੇਕਰ ਸੁਪਨੇ ਵਿੱਚ ਤੁਹਾਨੂੰ ਆਪਨੇ ਘਰਦੇ ਜਾਂ ਜਿੱਥੇ ਤੁਸੀ ਰੈਹੰਦੇ ਹੋਵੋ ਉਸਦੇ ਆਲੇ ਦੁਆਲੇ ਦੇ ਮਕਾਨਾਂ ਵਿੱਚ ਬਦਬੋ (ਭੜੀ ਮੁਸ਼ਕ) ਆਵੇ ਤਾਂ ਕੋਈ ਮਨੁੱਖ ਤੁਹਾਨੂੰ ਦੁਖ ਦੇਣੇਦਾ ਯਤਨ ਕਰੇਗਾ ਜੇਕਰ ਤੁਹਾਡਾ ਘਰ ਢੈਹਨ ਵਾਲਾ ਹੋਵੇ ਅਰ ਤੁਹਾਨੂ ਉਸਦਾ ਆਪਨੇ ਉੱਤੇ ਡਿੱਗਣੇਦਾ ਡਰ ਹੋਵੇ ਤਾਂ ਤੁਹਾਨੂੰ ਕਿਸੇ ਪਿੰਡ ਵਿੱਚ ਕੋਈ ਜਾਏਦਾਦ ਮਿਲੇਗੀ ਪਰ ਮੁਕੱਦਮਾਂ ਕਰਨ ਨਾਲ। ਜੇਕਰ ਸੁਪਨੇ ਵਿੱਚ ਕੋਈ ਆਂਢੀ ਗਵਾਂਢੀ ਤੁਹਾਨੂ ਮਖੌਲ ਕਰੇ ਜਾਂ ਕਾਕੋਰੌਲਾ ਪਾਕੇ ਤੁਹਾਨੂ ਦੁਖ ਦੇਵੇ ਤਾ ਤੁਹਾਨੂ ਕੋਈ ਬਿਪਤਾ ਬਨੇਗੀ ਜਿਸ ਕਰਕੇ ਤੁਸੀ ਬੜੇ ਦੁਖੀ ਹੋਵੋਗੇ ਪਰ ਜੇਕਰ ਤੁਸੀ ਬਦਬੋ ਅਰਥਾਤ ਦੁਰਗੰਧੀ ਨੂੰ ਦੂਰ ਕਰੋ ਤਾਂ ਤੁਹਾਨੂੰ ਖੁਸ਼ੀ ਦੌਲਤ ਅਰ ਇੱਜ਼ਤ ਮਿਲੇਗੀ ॥

ਬਦਲੀ

ਜੇਕਰ ਸੁਪਨੇ ਵਿੱਚ ਤੁਸੀ ਬਦਲੀ ਚਮਕਦੀ ਹੋਈ ਵੇਖੋ ਤਾਂ ਤੁਹਾਨੂੰ ਬੜੀ ਬੇ ਚੈਨੀ ਹੋਵੇਗੀ ਅਰ ਚਿੱਤ ਠਿਕਾਨੇ ਨਹੀਂ ਰਹੇਗਾ ਜੇਕਰ ਨਾਲ ਬੱਦਲਵੀ ਗੱਜਦਾ ਹੋਵੇ ਤਾਂ ਜਾਂ ਤੁਹਾਨੂੰ ਕੁਲਹਨੀ ਇਸਤ੍ਰੀ ਮਿਲੇਗੀ ਜਾਂ ਕਪੁੱਤ੍ਰ ਪੁਤ੍ਰ ਮਿਲੇਗਾ ਜੇਹੜਾ ਬੜਾਹੀ ਦੁਖਦੇਵੇਗਾ ॥

ਬਰਫ਼

ਜੇਕਰ ਤੁਸੀ ਸੁਪਨੇ ਵਿੱਚ ਬਰਫ ਤੇ ਚਲੋ ਫਿਰੋਜਾਂ ਦੌੜੋ ਤਾਂ

ਕੋਈ ਅਜੇਹਾ ਕੰਮ ਕਰੋਗੇ ਜਿਸ ਨਾਲ ਤੁਹਾਨੂੰ ਨੁਕਸਾਨ ਅਰ ਜੇਕਰ ਬਰਫ਼ ਤੁਹਾਡੇ ਪੈਰਾਂਦੇ ਹੇਠ ਟੁੱਟ ਜਾਵੇ ਤ ਜ਼ਰੂਰ ਬੀਮਾਰ ਪਵੋਗੇ ॥

ਬਾਗ

ਜੇਕਰ ਸੁਪਨੇ ਵਿੱਚ ਕਿਸੇ ਬੜੇ ਚੰਗੇ ਆਨੰਦ ਦਾਯਕ ਬਾਗਦੀ ਸੈਰ ਕਰੋਤਾਂ ਬੜੀ ਛੇਤੀ ਹੀ ਤੁਹਾਡੇ ਧਨ ਦੀ ਬ੍ਰਿਧੀ ਹੋਵੇਗੀ ਅਰ ਉੱਚੀ ਪਦਵੀ ਮਿਲੇਗੀ ਜੇਕਰ ਤੁਸੀ ਬਾਗ ਦੇ ਫਲਫੁਲ ਇਕਠੇ ਕਰੋ ਤਾਂ ਬੜੀ ਛੇਤੀ ਹੀ ਤੁਹਾਡਾ ਵਿਆਹ ਹੋਜਾਵੇਗਾ ਅਰ ਤੁਹਾਡੇ ਘਰ ਸੰਤਾਨ ਪੈਦਾ ਹੋਵੇਗੀ ਅਰ ਤੁਸੀ ਸਦਾ ਹੀ ਪ੍ਰਸੰਨ ਚਿੱਤ ਅਤ ਆਨੰਦ ਵਿੱਚ ਰਹੋਗੇ ॥

ਬਾਲਕ

ਜੇਕਰ ਸੁਪਨੇ ਵਿੱਚ ਬਾਲਕ (ਬੱਚੇ) ਨਜ਼ਰੀ ਆਂਵਨ ਤਾਂ ਤੁਹਾਨੂੰ ਕਿਧਰੋਂ ਧਨਦੀ ਪ੍ਰਾਪਤੀ ਹੋਵੇਗੀ ਜੇਕਰ ਬਾਲਕ ਸੁੰਦਰ ਹੋਵਨ ਅਰ ਉਹਨਾਂ ਨੇ ਸੁੰਦ੍ਰ ਕਪੜੇ ਧਾਰਨ ਕੀਤੇ ਹੋਏ ਹੋਵਨ ਤਾਂ ਤੁਹਾਨੂੰ ਬੜੇ ਪਿਆਰੇ ਮਿੱਤ੍ਰ ਮਿਲਨਗੇ ਜੇਕਰ ਬੱਚੇ ਮੈਲੇ ਤੇ ਪਾਟੇ ਪੁਰਾਣੇ ਕਪੜੇ ਧਾਰਨ ਕੀਤੇ ਹੋਏ ਹੋਵਨ ਤਾਂ ਤੁਹਾਨੂੰ ਕਿਸੇ ਅਜੇਹੇ ਕੰਮਦੇ ਕਰਨ ਵਾਸਤੇ ਕਿਹਾਜਾਵੇਗਾ ਜਿਸ ਨਾਲ ਤੁਹਾਡਾ ਮਾਨ ਘਟਜਾਵੇਗਾ ਜੇਕਰ ਬੱਚਾ ਜਾਂ ਬੱਚਾ ਜੰਮਦਾ ਹੋਇਆ ਨਜਰ ਆਵੇ ਤਾਂ ਤੁਹਾਨੂੰ ਆਨੰਦ ਪ੍ਰਾਪਤ ਹੋਵੇਗਾ ਜੇਕਰ ਇਕ ਜਾਂ ਬਹੁਤ ਬੱਚੇ ਮਰਦੇ ਹੋਏ ਵਖਾਈ ਦੇਵਨ ਤਾਂ ਤੁਹਾਨੂੰ ਕੋਈ ਬਿਪਤਾ ਪਵੇਗੀ ਅਰ ਦੁਖਉਠਾਓਗੇ।

ਬੇੜੀ

ਜੇਕਰ ਸੁਪਨੇ ਵਿੱਚ ਬੇੜੀ ਵੇਖੋਗੇ ਤਾਂ ਧਨਦੀ ਤੰਗੀ ਅਰ ਫ਼ਿਕਰ ਚਿੰਤਾ ਲਗੀ ਰਹੇਗੀ ਜੇਕਰ ਤੁਸੀ ਸੁਪਨੇ ਵਿੱਚ ਇੱਕੱਲੇਹੀ ਬੇੜੀ ਵਿੱਚ ਬੈਠੇ ਹੋਏ ਹੋਵੋ ਤਾਂ ਤੁਹਾਡੇ ਦੋਸਤ ਅਰ ਮਿੱਤ੍ਰ ਤੁਸਾਂ ਥੀਂ ਜੁਦਾ

[illegible]ਪਨਾ	ਫਲ

[illegible] ਜੇਕਰ ਤੁਹਾਡੇ ਨਾਲ ਚੰਗੇ ਚੰਗੇ ਆਦਮੀ ਹੋਵਨ ਤਾਂ [illegible]ਤੀ ਹੀ ਕੋਈ ਖੁਸ਼ੀ ਵੇਖੋਗੇ ਜੇਕਰ ਤੁਸੀ ਬੇੜੀ ਥੀਂ ਹੇਠਾਂ ਉਤ੍ਰੋ ਤਾਂ [illegible]ਹਾਡੀ ਬਿਪਤਾ ਦੂਰ ਹੋਜਾਵੇਗੀ ਜੇਕਰ ਓਸ ਵੇਲੇ ਤੁਸੀ ਡੁੱਬਨ ਲੱਗੋ ਤਾਂ ਤੁਹਾਡੀ ਇੱਛਾ ਪੂਰੀ ਨਹੀਂ ਹੋਵੇਗੀ ਜੇਕਰ ਬੇੜੀ ਉਲਟ ਪਵੇ ਤਾਂ ਤੁਹਾਨੂੰ ਅਪਨੀ ਆਸ ਥੀਂ ਹੱਥ ਧੋ ਬੈਠਨਾ ਚਾਹੀਦਾ ਹੈ ਜੇ ਬੇੜੀ ਡੁੱਬ ਜਾਵੇ ਤਾਂ ਤੁਸੀ ਬਹੁਤ ਦੁਖ ਪਾਵੋਗੇ ਜੇਕਰ ਬੇੜੀ ਸੁਕੇ ਥਾਂ ਹੋਵੇ ਤਦਵੀ ਦੁਖ ਤੇ ਬਿਪਤਾ ਦਾ ਲੱਛਨ ਹੈ ॥

ਬਿੱਲੀ

ਜੇਕਰ ਸੁਪਨੇ ਵਿੱਚ ਬਿੱਲੀ ਨਜ਼ਰ ਆਵੇ ਤਾਂ ਤੁਹਾਨੂੰ ਕੋਈ ਬਿਪਤਾ ਪਵੇਗੀ ਅਰ ਲੜਾਈ ਝਗੜਾ ਹੋਵੇ ਜੇਕਰ ਬਿੱਲੀ ਇੱਕ ਰੰਗਦੀ ਹੋਵੇ ਅਰ ਸਾਫ਼ ਤੇ ਸੁਥਰੀ ਹੋਵੇ ਤਾਂ ਤੁਹਾਨੂੰ ਧੋਖਾ ਦੇਵੇਗਾ ਜੇਕਰ ਬਿੱਲੀ ਪਤਲੀ ਅਰ ਨਿਰਬਲ ਹੋਵੇ ਅਰ ਓਸਦੇ ਸਰੀਰ ਤੇ ਬਾਲ ਨਾਂ ਹੋਵਨ ਤਾਂ ਤੁਸੀਂ ਓਹਨਾਂ ਮਨੁੱਖਾਂ ਦੀ ਫਾਹੀ ਵਿੱਚ ਨਾ ਫਸੋਗੇ ਜੇਹੜੇ ਤੁਹਾਨੂੰ ਮਾਰਨਾ ਚਾਹੁਨ ਜਾਂ ਤੁਹਾਡਾ ਮਾਲ ਅਸਬਾਬ ਚੁਰਾਨਾ ਚਾਹੁਨ ਤੁਸੀ ਓਹਨਾਂ ਥੀਂ ਬਚੇਹੀ ਰਹੋਗੇ ॥

ਭ

ਭੌਂਰਾ	ਸਬਦੁਖ ਦਰਿੱਦ੍ਰਤੇ ਫਿਕਰ ਚਿੰਤਾ ਦੂਰ ਹੋ ਜਾਵਨ ਅਰ ਚਿੱਤ ਨੂੰ ਆਨੰਦ ਹਰਖਤੇ ਉਤਸਾਹ ਹੋਵੇ ॥
ਭੁੱਖਾ ਵੇਖਣਾ	ਕੋਈ ਰੋਗ ਹੋਜਾਵੇ ਅਰਤੰਗੀ ਆਜਾਵੇ ॥
ਭੂੰਡ ਕਾਲੇ ਰੰਗ ਦਾ	ਧਨਦੀ ਬ੍ਰਿਧੀ ਹੋਵੇ ਜੀਆਂ ਵਿੱਚ ਸੁਖ ਰਹੇ
ਭੂੰਡ ਪੀਲਾ	ਮ੍ਰਰਨ ਤੇ ਇਸਤ੍ਰੀ ਦੀ ਹਾਨੀ ਹੋਵੇ ਅਰ ਬਹੁਤ ਦੁਖ ਪਾਵੇ ॥

ਸੁਪਨਾ	ਫਲ
ਭੁੰਨੇ ਹੋਏ ਦਾਣੇ ਚੱਬਣੇ ਜਾਂ [illegible]	[illegible] ਪਾਵੇ ਅਤੇ ਘਰ ਦੀ [illegible] ਹੋਵੇ ॥
ਭੁੰਚਾਲ ਵੇਖਣਾ	ਬਹੁਤ ਦੁਖ ਪਾਵੇ ॥
ਭੁਜੰਗ [illegible]	ਮਰ ਜਾਵੇ ਜਾਂ ਬੀਮਾਰ ਹੋਵੇ ॥

ਭੇਡ

ਜੇਕਰ ਤੁਸੀਂ ਸੁਪਨੇ ਵਿਚ ਭੇਡਾਂ ਨੂੰ ਇਕ ਜਾਂ ਜ਼ਿਆਦਾ ਚੁਗਦਿਆਂ ਵੇਖੋ ਤਾਂ ਤੁਹਾਡਾ ਹਰ ਇਕ ਕੰਮ ਤੇ ਹਰ ਇਕ ਬਾਤ ਪੂਰੀ ਹੋਜਾਵੇਗੀ ਅਰ ਨਫਾ ਹੁੰਦਾ ਰਹੇਗਾ ਪਰ ਜੇਕਰ ਭੇਡਾਂ ਵੱਖੋ ਵੱਖ ਏਧਰ ਓਧਰ ਦੌੜਦੀਆਂ ਹੋਈਆਂ ਨਜ਼ਰ ਆਵਨ ਤਾਂ ਤੁਹਾਡੇ ਬੱਚਿਆਂ ਦੇ (ਕਤਲ) ਦਾ ਲੱਛਨ ਹੈ ਜੇਕਰ ਭੇਡਾਂ ਦੇ ਵਾਲ ਕੱਟੇ ਜਾਵਨ ਤਾਂ ਤੁਹਾਡੀ ਗਰੀਬੀ ਥੋੜੀ ਜਾਵੇਗੀ ਤੇ ਖੁਸ਼ਹਾਲ ਹੋਜਾਵੇਗੀ ॥

ਮ

ਮੁੰਦਰੀ	ਪੁਤ੍ਰ ਜਨਮੇ ਜਾਂ ਕੋਈ ਚੰਗਾ ਨੌਕਰ ਮਿਲੇ ਅਰ ਚਿਤ ਪ੍ਰਸੰਨ ਹੋਵੇ ॥
ਮੁੰਦ੍ਰੀ ਸੋਨੇ ਦੀ ਬਿਨਾਂ ਨਗੀਨੇ ਦੇ ਵੇਖਣੀ	ਜੇ ਮਨੁੱਖ ਵੇਖੇ ਤਾਂ ਉਸਦੇ ਵਾਸਤੇ ਠੀਕ ਨਹੀਂ ਜੇ ਇਸਤ੍ਰੀ ਵੇਖੇ ਤਾਂ ਉਸਦੇ ਵਾਸਤੇ ਏਹ ਸੁਪਨਾ ਚੰਗਾ ਹੈ ॥
ਮੁੰਦ੍ਰੀ ਧਾਰਨ ਕਰਨੀ	ਉਚੀ ਪਦਵੀ ਮਿਲੇ ॥
ਮੁੰਦ੍ਰੀ ਵਿੱਚੋਂ ਨਗੀਨਾ ਡਿੱਗਨਾ	ਹਕੂਮਤ ਵਿੱਚ ਵਿਗਾੜ ਪਵੇ ॥
ਮੁੰਦ੍ਰੀ ਮਿੱਤ੍ਰ ਨੂੰ ਪੈਹਨਾਨੀ	ਇਸਤ੍ਰੀ ਬੀ ਬਹੁਤ ਦੁਖ ਪ੍ਰਾਪਤ ਹੋਵੇ ਅਰ ਖੋਟੇ ਕੰਮ ਕਰੇ ॥
ਮੁੰਦ੍ਰੀ ਵੇਚਨੀ	ਇਸਤ੍ਰੀ ਥੀਂ ਜੁਦਾਈ ਹੋਵੇ ॥

ਸੁਪਨਾ	ਫਲ
[illegible] ਮਾਸ ਖਾਣਾ	ਹਰਾਮਦਾ ਮਾਲ ਮਿਲੇ ਪਰ ਛੇਤੀ ਨਾਲ ਖਾਵੇ
ਮੋਤੀ	ਜੇਕਰ ਸੁਪਨੇ ਵਿੱਚ ਇਕ ਜਾਂ ਦੋ ਮੋਤੀਆਂ ਵੇਖੇ ਤਾਂ ਉਹਨੂੰ ਨੇਕ ਇਸਤ੍ਰੀ ਮਿਲੇਗੀ
ਮੋਤੀ ਖਾਣੀ	ਮਿਤ੍ਰਾਂ ਤੋਂ ਲਾਭ ਹੋਵੇ ॥
ਮੱਛੀ ਮੋਈ ਹੋਈ ਵੇਖਣੀ	ਹਰਾਮ ਦਾ ਮਾਲ ਮਿਲਣੇ ਦੀ ਨਸ਼ਾਨੀ ਹੈ।
ਮਾਰਨਾ ਕਿਸੇ ਨੂੰ	ਰੋਗੀ ਹੋਵੇ ਤਾਂ ਅਰੋਗ ਹੋ ਜਾਵੇ ਕਰਜ਼ਾਈ ਹੋਵੇ ਤਾਂ ਉਸਦਾ ਕਰਜਾ ਦੂਰ ਹੋ ਜਾਵੇ ਜਾਂ ਤੀਰਥ ਜਾਤ੍ਰਾ ਅਥਵਾ ਹੱਜ ਕਰੇ ॥
ਮੰਦੇ [illegible] ਹਿੱਰੋਂ ਸ਼ਰਮਨਾ	ਸੁਪਨਾ ਵੇਖਣ ਵਾਲਾ ਜੇਕਰ ਸਦਾ ਪਾਪ ਕਰਦਾ ਹੋਵੇਗਾ ਤਾਂ ਉਹਨਾਂ ਨੂੰ ਤਿਆਗ ਦੇਵੇਗਾ ਅਰ ਸ਼ੁਭ ਕੰਮ ਕਰਨੇ ਲੱਗ ਪਵੇਗਾ।
ਮਾਂਹ ਅਰ ਮੂੰਗੀ	ਇਹ ਸੁਪਨਾ ਠੀਕ ਨਹੀਂ ਜਿਸ ਨੂੰ ਸੁਪਨੇ ਵਿੱਚ ਮਾਂਹ ਅਰ ਮੂੰਗੀ ਨਜ਼ਰ ਆਵਨ ਉਹ ਛੇਤੀ ਅੰਨ ਦਾਨ ਕਰਦੇਵੇ ਨਹੀਂ ਤਾਂ ਬਹੁਤ ਦੁਖ ਪਾਵੇਗਾ ॥
ਮਰਨਾ ਵੇਖਣਾ	ਜੇਕਰ ਸੁਪਨੇ ਵਿੱਚ ਮਰਨਾ ਅਰ ਗਮੀ ਵੇਖੀ ਜਾਵੇ ਤਾਂ ਉਸ ਨੂੰ ਸ਼ਾਦੀ ਅਰ ਖੁਸ਼ੀ ਪ੍ਰਾਪਤ ਹੋਵੇਗੀ ਅਰ ਬੜਾ ਆਨੰਦ ਹੋਵੇਗਾ ॥
ਮੱਛਰ	ਮਾਨ ਅਰ ਇੱਜ਼ਤ ਵਧੇਗੀ ॥
ਮੱਛੀ ਨੂੰ ਝੂਕਦੀ ਲੈ ਜਾਣਾ	ਹਰਾਮਦਾ ਮਾਲ ਮਿਲਣੇ ਦੀ ਨਸ਼ਾਨੀ ਹੈ ॥
ਮੱਛੀਆਂ ਦੀ ਟੋਲੀ	ਬਹੁਤ ਬੜਾ ਦੁਖ ਹੋਵੇ ਅਰ ਭਾਰੀ ਬਿਪਤਾ ਸਹਾਰੇ ॥
ਮੋਏ ਹੋਏ ਨਾਲ ਬਾਤਾਂ ਕਰਨੀਆਂ	ਕੋਈ ਕੰਮ ਸਿਰੇ ਨਾ ਚੜ੍ਹੇ ॥

ਸੁਪਨ	ਫਲ
	ਰਾਜ ਮਿਲੇ ਅਰ ਹੁਕਮ ਚਲਾਵੇ ।
ਕਾਬੀ	ਬਹੁਤ ਹੀ ਧਨ ਪ੍ਰਾਪਤ ਹੋਵੇ ਅਰ ਉਸਦਾ ਨਾਂਮ ਧਰਮਾਤਮਾ ਪ੍ਰਸਿੱਧ ਹੋਵੇ ॥
ਮੰਦਰਾਂ ਮਸਜਦ ਵੇਖਣਾਂ	ਧਨਦੀ ਬ੍ਰਿਧੀ ਹੋਵੇ ਅਰ ਸ਼ੱਤ੍ਰੂ ਨੂੰ ਮਾਰੇ ॥
ਮੰਦਰ ਵਿੱਚ ਪੂਜਾ ਕਰਨੀ ਜਾਂ ਮਸੀਤ ਵਿਚ ਨਮਾਜ਼ ਪੜ੍ਹਨੀ	ਅਜੇਹੇ ਪੰਧ ਪੇਸ਼ ਪੈਣੇ ਦਾ ਲੱਛਣ ਹੈ ॥ ਜਿਸ ਕਰਕੇ ਵਿਸ਼ੇਸ਼ ਲਾਭ ਹੋਵੇ ॥
ਮਸ਼ਕ	ਸੰਸਾਰ ਵਿੱਚ ਸੁਪਨਾ ਵੇਖਣ ਵਾਲੇ ਦਾ ਨਾਮ ਬੜਾ ਪ੍ਰਸਿੱਧ ਹੋਵੇ ਅਰ ਬਹੁਤ ਮਾਨ ਹੋਵੇ ॥
ਮੱਖੀ	ਕਿਸੇ ਅਜੇਹੇ ਮਨੁੱਖ ਦੀ ਸੰਗਤ ਹੋਵੇ ਜੇਹੜਾ ਬੜਾ ਸ਼ੇਖੀ ਬਾਜ਼ ਹੋਵੇ ਪਰ ਉਸ ਨੂੰ ਕੁਝ ਭੀ ਹਾਨੀ ਨਹੀਂ ਪੁਜਾ ਸਕੇ ॥
ਮਦਰੱਸਾ ਅਰ ਬਾਲਕ ਪੜ੍ਹ ਦੇ ਹੋਏ	ਕਿਸੇ ਬਾਤ ਦੀ ਚਿੰਤਾ ਹੋਵੇ ॥
ਮਨਾਰਾ	ਕਿਸੇ ਚੰਗੇ ਮਨੁੱਖ ਥੀਂ ਲਾਭ ਹੋਵੇ ॥
ਮੂੰਹ ਵਿੱਚ ਕੁਝ ਜਾਨਾ	ਕੋਈ ਰੋਜ਼ਗਾਰ ਮਿਲੇ ਉਚੀ ਪਦਵੀ ਹੋਵੇ
ਮੂੰਹ ਚੁੰਮਦਿਆਂ ਵੇਖਣਾ	ਚਿੱਤਦੀ ਇੱਛਾ ਪੂਰੀ ਹੋਜਾਵੇ ॥
ਮੂੰਹਵਿੱਚੋਂ ਕੁਝ ਨਿਕਲਨਾ	ਜੇ ਮੂੰਹ ਵਿੱਚੋਂ ਕੋਈ ਚੀਜ਼ ਬਾਹਰ ਨਿਕਲੀ ਵੇਖੇ ਤਾਂ ਧਨ ਮਿਲੇ ॥
ਮਨੱਕਾ	ਜੇਕਰ ਅਰੁੱਤਾ ਮਨੱਕਾ ਵੇਖਿਆ ਜਾਵੇ ਤਾਂ ਦੁਖ ਅਰ ਫਿਕਰ ਚਿੰਤਾ ਦਾ ਲੱਛਣ ਹੈ ਅਰ ਜੇ ਰੁਤ ਅਨੁਸਾਰ ਵੇਖਿਆ ਜਾਵੇ ਤਾਂ ਮਾਲ ਅਰ ਦੌਲਤ ਮਿਲੇ ॥
ਮੂਲੀ	ਹੱਕ ਹਲਾਲ ਦੀ ਰੋਜ਼ੀ ਮਿਲੇ ਜੇ ਰੋਗੀ ਹੋਵੇ ਤਾਂ ਉਸਦਾ ਰੋਗ ਦੂਰ ਹੋਜਾਵੇ ॥
ਮਕੜੀ	ਰੁਜ਼ਗਾਰ ਬੜਾ ਔਖਾ ਮਿਲੇ ਅਰ [illegible]

ਸੁਪਨਾ	ਫਲ
ਮੁਰਦੇ ਨੂੰ ਮੁਹਬਤ ਕਰ ਦਿਆਂ ਹੋਇਆਂ ਵੇਖਨਾ	ਮੁਰਦੇ ਦੇ ਸੰਬੰਧੀਆਂ ਕੀਂ ਧਨ ਪ੍ਰਾ... ਅਰ ਸੁਖ ਪੂਰਬਕ ਜੀਵਨ ਬਤੀਤ...
ਮੋਏ ਹੋਏ ਨੂੰ ਆਪਨੇ ਬਿਸਤ੍ਰੇ ਉਤੇ ਮੁੜਿਆਂ ਹੋਇਆਂ ਵੇਖਨਾ	ਉਮਰ ਬਹੁਤ ਹੋਵੇ ਅਤੇ ਸੁਖ ਹੋਵੇ।
ਮਰਦ ਵੇਖਨਾ ਅਪਨੇ ਆਪ ਨੂੰ	ਜੇਹੜਾ ਘਰ ਬੈਠਾ ਹੋਇਆ ਹੋਵੇ ਉਸ ਨੂੰ ਭੀ ਪੰਧ ਪਵੇ ਅਰ ਜੇਹੜਾ ਪਰਦੇਸ ਗਿਆ ਹੋਇਆ ਹੋਵੇ ਉਹ ਫਿਰ ਪਰਤ ਕੇ ਘਰ ਨੂੰ ਆ ਜਾਵੇ ॥
ਮਰਦ ਜਵਾਨ ਹੋਵੇ	ਸਭ ਪਾਸੇ ਸ਼ਤ੍ਰੂ ਹੀ ਸ਼ਤ੍ਰੂ ਨਜ਼ਰ ਆਵਨ ਅਰ ਲੜਾਈ ਝਗੜਾ ਹੋਵੇ ॥
ਮਰਦ ਜਵਾਨ ਆਪਨੇ ਆਪਨੂੰ ਬੁੱਢਾ ਵੇਖੇ	ਸਰੀਰ ਅਰੋਗ ਤੇ ਬਲਵਾਨ ਹੋਵੇ ਅਰਥਾਤ ਖੁਸ਼ੀ ਲਵੇ ॥
ਮਰਦ ਬੁਢਾ ਅਪਨੇ ਆਪਨੂੰ ਜਵਾਨ ਵੇਖੇ	ਸਰਦਾਰੀ ਮਿਲੇ ਰਾਜਾ ਥੀਂ ਲਾਭ ਹੋਵੇ ॥
ਮਰਦ ਜਵਾਨ ਆਪਨੇ ਆਪਨੂੰ ਬਾਲਕ ਵੇਖੇ	ਜੇ ਮਨੁਖ ਸੁਪਨੇ ਵਿੱਚ ਅਪਨੇ ਆਪ ਨੂੰ ਜਵਾਨ ਹੋਕੇ ਬਾਲ ਵੇਖੇ ਉਹ ਕੋਈ ਅਜੇਹਾ ਕੰਮ ਕਰੇਗਾ ਜਿਸ ਕਰਕੇ ਉਸਦੀ ਅਪਨੀ ਹਾਨੀ ਹੋਵੇ ਅਰ ਮਿਤ੍ਰ ਵੀ ਸ਼ਤ੍ਰੂ ਹੋ ਜਾਵਨ ॥
ਮੋਤੀ	ਲੜਕੀ ਧੀ ਜਨਮੇ ਜਾਂ ਲੌਂਡੀ ਬਾਂਦੀ ਮਿਲੇ ਅਰ ਧਨ ਬਹੁਤ ਪ੍ਰਾਪਤ ਹੋਵੇ ॥
ਮੋਤੀ ਵੇਚਨਾ	ਲੋਕਾਂ ਤੇ ਬੜਾ ਉਪਕਾਰ ਕਰੇ ਲੋਕਾਂ ਨੂੰ ਇਸ ਥੀਂ ਬਹੁਤ ਲਾਭ ਹੋਵੇ ਅਰ ਲੋਕਾਂ ਨੂੰ ਸਤ ਮਾਰਗ ਉਪਦੇਸ਼ ਕਰੇ।

ਸੁਪਨਾ	ਫਲ
ਮਿਸਰੀ	ਨਾਲੇ ਧਨ ਮਿਲੇ ਭਲਾਈ ਦਾ ਲਛਨ ਹੈ
ਮੀਂਹ ਵਸਨਾ	ਜੇਕਰ ਸਾਰੇ ਸ਼ੈਹਰ ਵਿਚ ਮੀਂਹ ਵੱਸਦਾ ਵੇਖੇ ਤਾਂ ਖੁਸ਼ੀ ਹੋਵੇ ਜੇ ਅਪਨੇ ਹੀ ਘਰ ਵਿਚ ਵਸਦਾ ਵੇਖੇ ਤਾਂ ਲੜਾਈ, ਝਗੜਾ ਹੋਵੇ ਤੇ ਬੀਮਾਰੀ ਹੋਵੇ ॥

ਮੈਹਰਾਬ

ਮੈਹਰਾਬ (ਮੰਦ੍ਰ ਮਸਜਦ ਜਾਂ ਗਿਰਜੇ ਦੀ) ਜੇਕਰ ਸੁਪਨੇ ਵਿੱਚ ਵੇਖੇ ਤਾਂ ਤੁਹਾਨੂੰ ਕੋਈ ਬੜੀ ਭਾਰੀ ਬਿਪਤਾ ਪਵੇਗੀ ॥

ਮੌਤ

ਜੇਕਰ ਸੁਪਨੇ ਵਿੱਚ ਕਿਸੇਦੀ ਮੌਤ ਵੇਖੋ ਤਾਂ ਏਸ ਬਾਤ ਦੀ ਨਸ਼ਾਨੀ ਹੈ ਕਿ ਜਾਂਤੇ ਤੁਸੀ ਕਿਸੇਦੀ ਸ਼ਾਦੀ ਵੇਖੋਗੇ ਅਰ ਓਸ ਵਿੱਚ ਸਹਾਇਤਾ ਦੇਓਗੇ ਜਾਂ ਤੁਹਾਡੀ ਅਪਨੀ ਸ਼ਾਦੀ ਹੋਵੇਗੀ ਜੇਕਰ ਤੁਸੀ ਅਪਨੀ ਹੀ ਮੌਤ ਵੇਖੋ ਅਰਥਾਤ ਤੁਸੀ ਸੁਪਨੇ ਵਿੱਚ ਮਰ ਜਾਵੋ ਤਾਂ ਤੁਹਾਡੇ ਚਿਤ ਦੀ ਆਸ ਪੂਰੀਹੋਵੇਗੀ ਅਰ ਤੁਹਾਨੂੰ ਖੁਸ਼ੀ ਪ੍ਰਾਪਤ ਹੋਵੇਗੀ।

ਮੱਛੀ

ਜੇਕਰ ਤੁਸੀ ਸੁਪਨੇ ਵਿੱਚ ਮੱਛੀਦਾ ਸ਼ਿਕਾਰ ਖੇਡੋ ਅਰ ਇਕ ਵੀ ਮੱਛੀ ਤੁਹਾਡੇ ਹੱਥ ਨਾ ਲੱਗੀ ਤਾਂ ਤੁਸੀ ਕਿਸੇ ਅਜੇਹੀ ਇਸਤ੍ਰੀ ਦਾ ਇਸ਼ਕ ਕਰੋਗੇ ਜਿਸ ਨਾਲ ਤੁਹਾਡਾ ਵਿਆਹ ਨਹੀਂ ਹੋਸਕੇਗਾ ਜੇਕਰ ਤੁਸੀ ਮੱਛੀਆਂ ਫੜ ਲਵੋਗੇ ਤਾਂ ਤੁਹਾਡੀ ਆਸ ਪੂਰੀ ਹੋਜਾਵੇਗੀ ਜੇਕਰ ਮੱਛੀਆਂ ਤੁਹਾਡੇ ਹੱਥੋਂ ਨਿਕਲ ਜਾਵਨ ਤਾਂ ਜਿਸ ਨਾਲ ਤੁਹਾਡਾ ਵਿਆਹ ਹੋਵੇਗਾ ਓਹ ਬਦਚਲਨ ਨਿਕਲੇਗੀ ਜਾਂ ਤੁਹਾਡਾ ਮਿੱਤ੍ਰ ਜਿਸ ਤੇ ਤੁਸੀ ਜਾਨਕੁਰਬਾਨ ਕਰਦੇ ਹੋਵੋਗੇ ਓਹ ਤੁਹਾਨੂੰ ਧੋਖਾਦੇ ਜਾਵੇਗਾ ॥

ਸੁਪਨਾ	ਫਲ

ਮੇਵੇ ਦਾ ਬਾਗ

ਜੇਕਰ ਤੁਸੀ ਸੁਪਨੇ ਵਿਚ ਮੇਵੇ ਦੇ ਬਾਗ਼ ਵਿਚ ਜਾਵੋ ਤਾਂ ਤੁਹਾਨੂੰ ਤੁਹਾਡੇ ਕਿਸੇ ਮੋਏ ਹੋਏ ਸੰਬੰਧੀ ਦਾ ਧਨ ਮਿਲੇਗਾ ਜੇਕਰ ਬਾਗ ਦੇ ਮੇਵੇ ਪੱਕੇ ਹੋਏ ਹੋਨ ਤਾਂ ਤੁਹਾਡਾ ਹੱਕ ਤੁਹਾਨੂੰ ਬਿਨਾਂ ਯਤਨ ਦੇ ਹੀ ਮਿਲ ਜਾਵੇਗਾ ਅਰ ਜੇਕਰ ਕੱਚੇ ਹੋਵਨ ਤਾਂ ਜ਼ਰਾ ਦੇਰ ਨਾਲ ਮਿਲੇਗਾ ॥

	ਯ
ਯਕੂਤ	ਸੁਖ ਆਨੰਦ ਅਰ ਪੁਤ੍ਰ ਜਾਂ ਸੁੰਦਰ ਇਸਤ੍ਰੀ ਜਾਂ ਮਿੱਤ੍ਰ ਦੇ ਮਿਲਨੇ ਦਾ ਲੱਛਨ ਹੈ ਅਰ ਏਹ ਸੁਪਨਾ ਸਾਰਿਆਂ ਵਾਸਤੇ ਠੀਕ ਹੈ ॥
ਯੱਗ੍ਯੋਪਵੀਤ ਅਰਥਾਤ ਜੰਞੂ	ਪੁਤ੍ਰ ਜਨਮੇ ਅਰ ਬਹੁਤ ਸੁਖ ਪ੍ਰਾਪਤ ਹੋਵੇ
	ਰ
ਰਾਜਾ ਨੂੰ ਵੇਖਨਾ	ਬਹੁਤ ਧਨ ਪ੍ਰਾਪਤ ਹੋਵੇ ਹਕੂਮਤ ਮਿਲੇ
ਰਾਜਾ ਨੂੰ ਹੱਸਦਿਆਂ ਵੇਖਨਾ	ਧਨ ਦੀ ਪ੍ਰਾਪਤੀ ਹੋਵੇ ਅਰ ਇਜ਼ਤ,ਮਾਨ ਵੱਧੇ
ਰਾਜਾ ਨੂੰ ਕਿਸੇ ਹੋਰ ਥਾਂ ਉੱਤ੍ਰਦਿਆਂ ਵੇਖਨਾ	ਜਦ ਏਹ ਸੁਪਨਾ ਆਵੇ ਤਦ ਸਮਝੋ ਏਸ ਥਾਂ ਕੋਈ ਆਫ਼ਤ ਆਵੇਗੀ ਅਰ ਉਸ ਥਾਂ ਦੀਆਂ ਖੇਤੀਆਂ ਉਜੜ ਜਾਵਨ ਗੀਆਂ ॥
ਰਾਜਾ ਦੇ ਨਾਲ ਬੈਠਕੇ, ਖਾਨਾ	ਲੰਮੀ ਉਮਰ ਅਰ ਧੰਨ ਬ੍ਰਿਧੀ ਦਾ ਲੱਛਨ ਹੈ
ਰਾਹ ਵਿੱਚ ਧੂੜ ਉਡਦੀ ਰਾਖ ਅਰ ਰੇਤ	ਦਿਲ ਦੀ ਇੱਛਾ ਪੂਰੀ ਹੋਵੇ ਪਰ ਪੰਧ ਪਵੇ ॥ ਵਿਅਰਥਾ ਭੈ ਹੋਵੇ ॥
ਰਸੀ	ਲੋਕਾਂ ਤੇ ਪਰਉਪਕਾਰ ਕਰੇ ਅਰ ਪੰਧ ਪਵੇ

ਸੁਪਨਾ	ਫਲ
ਰੱਸੀ ਨਾਲ ਬੱਨ੍ਹਨਾ	ਧਨ ਦੀ ਪ੍ਰਾਪਤੀ ਹੋਵੇ ॥
ਰੱਸੀ ਗਲੇ ਵਿੱਚ ਪਾਨੀ	ਜਿਸਦੇ ਗਲ ਵਿੱਚ ਪਾਇ ਉਸਦਾ ਰਿਜ਼ਕ ਉਸਦੇ ਜ਼ੁਮੇ ਹੋਜਾਵੇ ॥
ਰਕਾਬੀ	ਆਗਿਆਕਾਰੀ ਨੌਕਰ ਮਿਲੇ ॥
ਰੋਟੀ	ਬੜੇ ਬੜੇ ਚੰਗੇ ਪਦਾਰਥ ਮਿਲਣ ਪਰ ਖੁਸ਼ੀ ਨਾ ਹੋਵੇ ॥
ਰੂਈ	ਕੋਈ ਭੈੜਾ ਮਾਲ ਹੱਥ ਆਓਨ ਦੀ ਨਸ਼ਾਨੀ ਹੈ ।
ਰੋਨਾ	ਏਤਨੀ ਖੁਸ਼ੀ ਹੋਵੇ ਜੋ ਅਪਨੇ ਆਪਨੂੰ ਵੀ ਭੁਲਜਾਵੇਦੀਨਦੁਨੀਆਂਦੀਕੁਝਖਬਰਨਾਂਰਹੇ
ਰਿੱਛ	ਆਪ ਬੀ ਬਲਵਾਨ ਸ਼ੱਤ੍ਰ ਬੀ ਭੈ ਖਾਵੇ ਅਰ ਧਨ ਦੇ ਫਿਕਰ ਵਿੱਚ ਰਹੇ ॥
ਰੀਖਕ ਉਡਦੇ ਹੋਏ ਵੇਖਨੇ	ਦਿਲਦੀ ਮੁਰਾਦ ਪੂਰੀ ਹੋ ਜਾਵੇ ਤਾਂ ਕਿਸੇ ਲਸ਼ਕਰ ਦਾ ਸਰਦਾਰ ਹੋਜਾਵੇ ਜੇ ਰੋਗੀ ਹੋਵੇ ਤਾਂ ਉਸਦਾ ਰੋਗ ਦੂਰ ਹੋਜਾਵੇ ॥

ਰੋਟੀ

ਜੇਕਰ ਤੁਹਾਨੂੰ ਸੁਪਨੇ ਵਿੱਚ ਚੰਗੀ ਰੋਟੀ ਖਾਨ ਵਾਸਤੇ ਮਿਲੇ ਤਾਂ ਤੁਹਾਡੀ ਦੋਸਤੀ ਕਿਸੇ ਚੰਗੇ ਮਨੁੱਖ ਨਾਲ ਹੋਵੇਗੀ ਜੇਕਰ ਰੋਟੀ ਮੈਲੀ ਕੁਚੈਲੀ ਹੋਵੇ ਅਰ ਮਿਟੀ ਲਗੀ ਹੋਵੇ ਤਾਂ ਤੁਹਾਡਾ ਕੋਈ ਦੋਸਤ ਮਰ ਜਾਵੇਗਾ ॥

ਰੁਪੈਯਾ

ਜੇਕਰ ਤੁਸਾਂ ਸੁਪਨੇ ਵਿੱਚ ਕਿਸੇ ਨੂੰ ਰੁਪੈਯਾ ਦੇਵੋ ਤਾਂ ਤੁਹਾਡੇ ਸਭ ਕੰਮ ਪੂਰੇ ਹੋ ਜਾਵਨਗੇ ਤੁਹਾਡੇ ਘਰ ਸੰਤਾਨ ਪੈਦਾ ਹੋਵੇਗੀ ਅਰ ਤੁਸੀ ਮੁਕਦਮਾ ਜਿਤ ਲਵੋਗੇ ਜੇਕਰ ਕੋਈ ਹੋਰ ਮਨੁੱਖ ਤੁਹਾਨੂੰ ਰੁਪੈਯਾ ਦੇਵੇ ਤਾਂ ਤੁਹਾਡੇ ਦਿਲਦੀ ਮੁਰਾਦ ਪੂਰੀ ਹੋ ਜਾਵੇਗੀ ॥

ਨਾ	ਫਲ

ਰਾਗ

ਜੇਕਰ ਤੁਸੀ ਸੁਪਨੇ ਵਿੱਚ ਮਿਠੇ ਰਾਗ ਸੁਨੋ ਤਾਂ ਤੁਹਾਨੂੰ ਆਨੰਦ ਪ੍ਰਾਪਤ ਹੋਵੇਗਾ ਜੇਕਰ ਰਾਗ ਬੁਰਾ ਅਰ ਕਠੋਰ ਹੈ ਜਿਸ ਨਾਲ ਚਿੱਤ ਪ੍ਰਸੰਨ ਨਹੀਂ ਹੁੰਦਾ ਤਾਂ ਤੁਸੀ ਛੇਤੀ ਹੀ ਕੋਈ ਬੁਰੀ ਖਬਰ ਸੁਨੋਗੇ ॥

ਰਾਤ

ਜੇਕਰ ਤੁਸੀ ਸੁਪਨੇ ਵਿੱਚ ਇਹ ਵੇਖੋ ਕਿ ਤੁਸੀ ਰਾਤ ਨੂੰ ਇਕੱਲੇ ਫਿਰ ਰਹੇ ਹੋਵੋ ਤਾਂ ਤੁਹਾਡੇ ਤੇ ਕੋਈ ਸਖਤ ਆਫਤ ਆਵੇਗੀ ਅਰ ਜੇਕਰ ਤੁਹਾਡੇ ਨਾਲ ਕੁਝ ਆਦਮੀ ਹੋਵਨ ਅਰ ਤੁਸੀ ਬੜੇ ਆਨੰਦ ਵਿੱਚ ਹੋਵੋ ਤਾਂ ਧਿਆਨ ਰੱਖਣਾ ਚਾਹੀਦਾ ਹੈ ਕਿ ਤੁਹਾਡੀ ਚੋਰੀ ਨ ਹੋਜਾਵੇ ਜੇਕਰ ਰਾਤਨੂੰ ਤੁਸੀ ਅਚਨ ਚੇਤ ਘਰ ਆਓ ਤਾਂ ਤੁਸੀ ਕਿਸੇ ਉਚੇ ਥਾਂਓਂ ਤੋਂ ਡਿੱਗ ਪਵੋਗੇ ਅਰ ਤੁਹਾਡੀ ਜਾਨਦਾ ਵੀ ਭੈ ਹੈ ਜਾਂ ਤੁਸੀ ਘੋੜੇ ਤੋਂ ਡਿੱਗ ਪਵੋਗੇ ਜਾਂ ਤੁਹਾਡੇ ਤੇ ਕੋਈ ਭਾਰੀਸ਼ੈ ਡਿੱਗੇਗੀ ॥

ਰਾਸਤਾ

ਜੇਕਰ ਤੁਸੀ ਚੰਗੇ ਰਸਤੇ ਚਲੋ ਤਾਂ ਤੁਹਾਡੀ ਮੁਹੱਬਤ ਪੂਰੀ ਨਹੀ ਹੋਵੇਗੀ ਜੇਕਰ ਤੁਸੀ ਇਕੱਲੇ ਨਾ ਹੋਵੋਗੇ ਤਾਂ ਤੁਹਾਡੇ ਦਿਲਦੀ ਮੁਰਾਦ ਪੂਰੀ ਹੋਵੇਗੀ ਅਰ ਜੇਕਰ ਰਾਹ ਡਿੰਗਾ ਹੋਵੇ ਅਰ ਇੱਕੋ ਜੇਹਾ ਨਾ ਹੋਵੇ ਤਾਂ ਤੁਹਾਡੇ ਮਿੱਤ੍ਰ ਤੁਹਾਨੂੰ ਧੋਖਾ ਦੇਵਨਗੇ ਜਾਂ ਤੁਹਾਡੀ ਇਸਤ੍ਰੀ ਜਾਂ ਪਤੀ ਬੇਵਫਾਈ ਕਰੇਗਾ ॥

ਲ

ਲੋਹਾ	ਬੜਾ ਧਰਮਾਤਮਾ ਹੋਵੇ ॥
ਲਾਲ	ਖੁਸ਼ੀ ਤੇ ਆਨੰਦ ਜਾਂ ਪੁਤ੍ਰ ਅਰ ਜਾਂ ਸੁੰਦ੍ਰ ਇਸਤ੍ਰੀ ਦੇ ਮਿਲਨੇ ਦਾ ਲੱਛਨ ਹੈ ॥

ਸੁਪਨਾ	ਫਲ
ਲਿਖਨਾ ਅਰਨਾਸਮਝਨਾ	ਫਿਕਰ ਅਰ ਚਿੰਤਾ ਦਾ ਲੱਛਨ
ਲਗਾਮ	ਵਿੱਦਯਾ ਦੀ ਪ੍ਰਾਪਤੀ ਹੋਵੇ ॥
ਲੂਮੜੀ	ਸੰਬੰਧੀਆਂ ਥੀਂ ਹਾਨੀ ਹੋਵੇ ॥
ਲੂਮੜੀ ਨਾਲਖੇਡਨਾ	ਜਿਸਨੂੰ ਚਾਹੇ ਓਹੀ ਮਿਲ ਜਾਵੇ ॥
ਲਕੜੀ ਬਾਲਨ ਵਾਲੀ	ਆਪੋ ਵਿਚ ਅਰਥਾਤ ਸੰਬੰਧੀਆਂ ਤੇ ਭਾਈਆਂ ਵਿੱਚ ਫੁਟ ਪੈਜਾਵੇ ॥
ਲੜਨਾ ਸ਼ੈਹਰ ਵਿੱਚ	ਤਾਊਨ ਜਾਂ ਹੈਜ਼ਾ ਜਾਂ ਤਪਾਲੀ ਬਹੁਤ ਪਵੇ।
ਲੜਨਾ ਰਾਜਾਦਾ	ਅੰਨ ਸਸਤਾ ਹੋਵੇ ॥
ਲੜਨਾ ਪਸ਼ੂ ਨਾਲ	ਸ਼ੱਤਰੂ ਕ੍ਰੋਧਵਾਨ ਹੋਵੇ ॥
ਲੜਨਾ ਦੂਜੇ ਲੋਕਾਂ ਨਾਲ	ਬੀਮਾਰੀ ਲੜਾਈ ਝਗੜਾ ਬਹੁਤ ਹੋਵੇ ॥
ਲਸ਼ਕਰ	ਮੀਂਹ ਵਸੇ ਅਰ ਬਹੁਤ ਖੁਸ਼ੀ ਹੋਵੇ ॥
ਲੜਕਾ ਛੋਟਾ	ਪੁਤ੍ਰਦੀ ਖੁਸ਼ ਖਬਰੀ ਸੁਨੇ ਅਰ ਬੜਾ ਆਨੰਦ ਪ੍ਰਾਪਤ ਹੋਵੇ ॥
ਲੜਕੀ ਪੈਦਾ ਹੋਨੀ	ਜੇਕਰ ਏਹ ਸੁਪਨਾ ਇਸਤ੍ਰੀ ਵੇਖੇ ਤਾਂ ਉਸਦੇ ਘਰ ਸੰਨਤਾਨ ਪੈਦਾ ਹੋਵੇ ॥

ਲਹੂ ਵਗਨਾ

ਜੇਕਰ ਕਿਸੇ ਦੂਜੇ ਮਨੁੱਖ ਦੇ ਸ਼ਰੀਰ ਥੀਂ ਲਹੂ ਵਗਦਾ ਵੇਖੇ ਤਾਂ ਓਹ ਮਨੁੱਖ ਤੁਹਾਨੂੰ ਦੁਖ ਦੇਨ ਵਾਸਤੇ ਯਤਨ ਕਰੇਗਾ ਜੇਕਰ ਤੁਸੀ ਆਪ ਉਸਦੇ ਸਰੀਰ ਵਿਚੋਂ ਲਹੂ ਵਗਦਾ ਵੇਖੋ ਤਾਂ ਤੁਹਾਡਾ ਧਬ੍ਹਾ ਉਸਤੇ ਬੈਠ ਜਾਵੇਗਾ ਅਰ ਉਸਥੀਂ ਰੁਪੈਯਾ ਵੀ ਮਿਲੇਗਾ ਅਰ ਜੇਕਰ ਓਹ ਤੁਹਾਡੇ ਸਰੀਰ ਵਿੱਚੋਂ ਲਹੂ ਕੱਢ ਦੇਵੇ ਤਾਂ ਜੇਕਰ ਤੁਹਾਡਾ ਮੁਕੱਦਮਾ ਕਿਸੇ ਨਾਲ ਹੋਵੇਗਾ ਤਾਂ ਹਾਰ ਜਾਓਗੇ ਅਰ ਜੇ ਕਿਸੇ ਨਾਲ ਪਿਆਰ ਹੋਵੇਗਾ ਤਾਂ ਉਸ ਵਿੱਚ ਵੀ ਹਾਨੀ ਹੋਵੇਗੀ ॥

ਲਕੜੀ

ਜੇਕਰ ਤੁਸੀ ਸੁਪਨੇ ਵਿੱਚ ਲਕੜੀਆਂ ਚੁਗਕੇ ਲਿਆਓ ਤਾਂ

…ੜੀ ਬਿਪਤਾ ਬਣੇਗੀ ਜੇਕਰ ਤੁਸੀ ਲਕੜੀਆਂ ਵੱਢੋ ਤਾਂ ਇਸਤ੍ਰੀ ਜਾਂ ਪਤੀ ਤੁਹਾਡੇ ਨਾਲ ਪਿਆਰ ਕਰੇਗਾ ਅਰ ਸੰਨਤਾਨ ਆਗਿਆ ਕਾਰੀ ਹੋਵਗੀ ਅਰ ਤੁਹਾਡੀ ਇੱਜ਼ਤ …ਰੇਗੀ ਜੇਕਰ ਤੁਸੀ ਬਨ ਵਿੱਚੋਂ ਵੀ ਜਾਵੋ ਤਾਂ ਤੁਸਾਡੇ ਕਈ ਵਿਅਹ ਹੋਵਨਗੇ ॥

[ਸੁ]ਪਨਾ	ਫਲ
ਵਾਲ ਕੱਟਦੇ ਵੇਖਨਾ	ਇਸਤ੍ਰੀ ਨੂੰ ਪਤੀ ਤਿਆਗ ਦੇਵੇ ਜੇ ਮਨੁੱਖ ਵੇਖੇ ਤਾਂ ਓਸਨੂੰ ਇਸਤ੍ਰੀ ਤਿਆਗ ਦੇਵੇ ॥
ਵਾਲਾਂ ਦਾ ਰੰਗਿਆਂ ਹੋਨਾ	ਇੱਜ਼ਤ ਅਰ ਮਾਨ ਬਹੁਤ ਹੋਵੇ ਜੇ ਕਾਲੇ ਵੇਖੇ ਤਾਂ ਸਰਦਾਰ ਹੋਵੇ ॥
ਵਾਲ ਵਧਨੇ	ਜੇਕਰ ਜਵਾਨ ਇਸਤ੍ਰੀ ਤੇ ਮਰਦ ਏਹ ਸੁਪਨਾ ਵੇਖਨ ਤਾਂ ਧਨਦੀ ਬ੍ਰਿਧੀ ਹੋਵੇ ਉਮਰ ਲੰਮੀ ਹੋਵੇ ਜੇ ਬੁਡੇ ਜਾਂ ਨਿਰਬਲ ਵੇਖਨ ਤਾਂ ਓਹਨਾਂ ਨੂੰ ਤ੍ਰੱਦਦ ਕਰਨਾ ਪਾਵੇ।
ਵਾਲਾਂ ਨੂੰ ਛੋਟਾ ਵੇਖਨਾ	ਧਨਵਾਨ ਵੇਖੇ ਤਾਂ ਓਸਦੇ ਵਾਸਤੇ ਠੀਕ ਨਹੀਂ ਜੇੜਾ ਕਮ ਹੋਵੇ ਤਾਂ ਓਸਨੂੰ ਪਰੇਸ਼ਾਨੀ ਹੋਵੇ
ਵਲਾਇਤੀ ਅੰਜੀਰ	ਕਿਧਰੋਂ ਹਜ਼ਾਰ ਰੁਪੱਯਾ ਮਿਲੇ ॥
ਵਿਦਾਨ ਨੂੰ ਵੇਖਨਾ	ਨੇਕਨਾਮੀ ਹਾਸਲ ਕਰੇ ਦਰਬਾਰੀਆਂ ਵਿੱਚ ਸ਼ਾਮਿਲ ਹੋਵੇ ॥
ਵਿਦਯਾ ਪੜ੍ਹਨੀ	ਖੁਸ਼ੀ ਅਰ ਆਨੰਦ ਹੋਵੇ ਸੰਨਤਾਨ ਸੁਖੀ ਰਹੇ।
ਵਾਲ ਨੱਕ ਉੱਤੇ ਵਿਖਨਾ	ਫਿਕਰ ਚਿੰਤਾ ਬਹੁਤ ਹੋਵੇ ਅਰ ਕੋਈ ਬਿਪਤਾ ਵੀ ਜਰੂਰ ਪਵੇ ॥
ਵਾਲ ਤਲੀਤੇ ਵੇਖਨਾ	ਕਰਜ਼ੇ ਵਿੱਚ ਫਸੇ ॥
ਵਾਲ ਕਾਲੇ ਅਰ ਚਿੱਟੇ	ਪੁਤ੍ਰ ਪੈਦਾ ਹੋਵੇ ਅਰ ਬੜੀ ਖੁਸ਼ੀ ਹੋਵੇ ॥
ਵਾਸਕਟ ਪੇਹਨਨੀ	ਵਿਆਹ ਹੋਣ ਦਾ ਲੱਛਨ ਹ ॥

ਵੈਰੀ ਜਾਂ ਦੁਸ਼ਮਨ

ਜੇਕਰ ਤੁਸੀ ਸੁਪਨੇ ਵਿੱਚ ਵੈਰੀ ਨਾਲ ਯੁਧ ਕਰੋ ਤਾ... ਇੱਛਾ ਪੂਰੀ ਨਹੀਂ ਹੋਵੇਗੀ ਅਰ ਤੁਸੀ ਮੁਕੱਦਮੇ ਬਾਜ਼ੀ ਅਰ ... ਨਾਲ ਲੜਾਈ ਝਗੜਾ ਕਰਨੇ ਵਿਚ ਲੱਗੇ ਰਹੋਗੇ ਜੇਕਰ ਤੁ... ਉਸਦਾ ਲਹੂ ਕੱਢ ਲਵੋ ਤਾਂ ਤੁਹਾਨੂੰ ਲਾਭ ਹੋਵੇਗਾ ਅਰ ਜੇਕਰ ਓਹ ਤੁਸਾਂ ਥੀਂ ਡਰਕੇ ਦੌੜ ਜਾਵੇ ਤਾਂ ਤੁਹਾਡਾ ਹਰ ਇਕ ਕੰਮ ਪੂਰਾ ਹੁੰਦਾ ਜਾਵੇਗਾ ਜੇਕਰ ਓਹ ਤੁਹਾਡਾ ਲਹੂ ਕੱਢ ਲਵੇ ਤਾਂ ਤੁਹਾਨੂੰ ਦੁਖ ਪਹੁੰਚੇ ਗਾ ਜੇਕਰ ਤੁਸੀ ਉਸਥੀਂ ਡਰ ਜਾਓ ਤਾਂ ਉਸਦਾ ਪੱਲਾ ਭਾਰਾ ਹੋਜਾਵੇਗਾ ਜੇਕਰ ਦੋਹਾਂ ਵਿਚੋਂ ਕਿਸੇ ਦੇ ਵੀ ਲਹੂ ਨਾ ਵੱਗੀ ਤਾਂ ਤੁਸੀ ਅਮਨ ਅਮਾਨ ਨਾਲ ਰਹੋਗੇ ॥

ਵਸਤ੍ਰ

ਜੇਕਰ ਤੁਸੀ ਸੁਪਨੇ ਵਿਚ ਅਪਨੇ ਆਪਨੂੰ ਚੰਗੇ ਕਪੜੇ ਪਾਏ ਹੋਏ ਅਰ ਚੰਗੀ ਸੋਹਬਤ ਵਿਚ ਵੇਖੋ ਤਾਂ ਤੁਹਾਡਾ ਰੁਤਬਾ ਵਧੇਗਾ ਜੇਕਰ ਤੁਸਾਡੇ ਕਪੜੇ ਪਾਟੇ ਹੋਵਨ ਅਰ ਮੈਲੇ ਹੋਵ... ਤੁਸਾਡੇ ਤੇ ਕੋਈ ਆਫਤ ਆਵੇਗੀ ਘਰ ਵਿਚ ਲੜਾਈ ਝ... ਰਹੇਗਾ ਅਰ ਮਾਲ ਅਸਬਾਬ ਗੁਮ ਹੋਜਾਵੇਗਾ ਜੇਕਰ ਤੁਹਾ... ਵਸਤ੍ਰ ਚਿਟੇ ਹੋਵਨਗੇ ਤਾਂ ਤੁਸੀ ਜੇਹੜਾ ਕੰਮ ਸ਼ੁਰੂ ਕਰੋਗੇ ਓਹੀ ਪੂਰਾ ਹੋਜਾਵੇਗਾ ਜੇਕਰ ਤੁਹਾਡੇ ਵਸਤ੍ਰ ਕਾਲੇ ਰੰਗਦੇ ਹੋਨ ਤਾਂ ਤੁਹਾਡੀ ਕਿਸੇ ਨਾਲ ਲੜਾਈ ਹੋਵੇਗੀ ਮੁਕੱਦਮਾਂ ਬਾਜ਼ੀ ਕਰੋਗੇ ਜਾਂ ਬੀਮਾਰ ਪੈਜਾਓਗੇ ਜਾਂ ਕੋਈ ਦੋਸਤ ਤੇ ਮਿਤ੍ਰ ਮਰ ਜਾਵੇਗਾ ਜਾਂ ਗੈਬ ਹੋਜਾਵੇਗਾ ਜੇਕਰ ਤੁਹਾਡੇ ਵਸਤ੍ਰ ਨੀਲੇਰੰਗਦੇ ਹੋਵਨਤਾਂ ਤੁਸੀ ਛੇਤੀ ਹੀ ਕੋਈ ਜਲਸਾ ਵੇਖੋਗੇ ਜੇਕਰ ਵਸਤ੍ਰ ਹਰੇ ਰੰਗਦੇ ਹੋਨ ਤਾਂ ਛੇਤੀ ਹੀ ਪੰਧ ਪਵੇਗਾ ਜੇਕਰ ਵਸਤ੍ਰ ਪੀਲੇ ਹੋਨ ਤਾਂ ਕੋਈ ਅਜੇਹੀ ਬਾਤ ਹੋਵੇਗੀ ਜਿਸ ਨਾਲ ਪਰੇਸ਼ਾਨੀ ਹੋਵੇਗੀ ਜਾਂ ਕੋਈ ਦੋਸਤ ਤੁਹਾਡੇ ਨਾਲ ਬੇਵਫਾਈ

ਕਰ ਵਸਤ੍ਰ ਲਾਲ ਰੰਗਦੇ ਹੋਵਨਗੇ ਤਾਂ ਤੁਸੀਂ ਸਖਤ ਬੀਮਾਰ ਅਰ ਹੋਰਵੀ ਕਈ ਖਿਪਤਾ ਤੁਹਾਨੂੰ ਪੈ ਜਾਨਗੀਆਂ ਜੇਕਰ ਰੰਗ ਬਰੰਗੀ ਵਸਤ੍ਰ ਧਾਰਨ ਕੀਤੇ ਹੋਏ ਹੋਵੇ ਤਾਂ ਕਦੇ ਤੁਸੀਂ ਨੇਕੀ ਕਰੋਗੇ ਅਰ ਕਦੇ ਬਦੀ ਅਰ ਬਦੀ ਥੀਂ ਹਾਨੀ ਅਰ ਨੇਕੀ ਥੀਂ ਲਾਭ ਹੋਵੇਗਾ ॥

ਵਾਲ

ਜੇਕਰ ਸੁਪਨੇ ਵਿਚ ਤੁਹਾਡੇ ਵਾਲ ਵਧਨ ਅਰ ਤੁਹਾਡੇ ਮੋਢਿਆਂ ਤੀਕ ਲਟਕਨ ਲੱਗਨ ਤਾਂ ਕੋਈ ਬੜਾ ਯੋਗ ਮਨੁਖ ਤੁਹਾਡੇ ਨਾਲ ਮੁਹੱਬਤ ਕਰੇਗਾ ਅਰ ਮੁਹੱਬਤ ਵੀ ਬੜੀ ਪਰ ਜੇਕਰ ਵਾਲ ਝੜ ਜਾਵਨ ਜਾਂ ਘੱਟ ਹੋ ਜਾਵਨ ਜਾਂ ਕੱਟੇ ਜਾਵਨ ਤਾਂ ਤੁਹਾਡਾ ਕੋਈ ਮਿਤ੍ਰ ਮਰ ਜਾਵੇ ॥

ਵੱਟੀ ਦੀਵੇ ਦੀ

ਜੇਕਰ ਸੁਪਨੇ ਵਿਚ ਇਕ ਜਾਂ ਦੋ ਵਟੀਆਂ ਬਲਦੀਆਂ ...ੀਆਂ ਨਜ਼ਰ ਆਵਨ ਤਾਂ ਤੁਹਾਡਾ ਕਿਸੇ ਮਨੁਖ ਨਾਲ ਸੰਵਾਦ ...ਵੇਗਾ ਜੇਕਰ ਬਲਦੀਆਂ ਬੁਝ ਜਾਵਨ ਤਾਂ ਦੋਹਾਂ ਵਿੱਚੋਂ ਕੋਈ ਮਰ ਜਾਏਗਾ ਜਾਂ ਜ਼ਖਮੀ ਹੋ ਜਾਵੇਗਾ ਪਰ ਜੇਕਰ ਨਵੀਂਆਂ ਬਤੀਆਂ ਬਲ ਪਵਨ ਤਾਂ ਦੋਸਤ ਵਿੱਚ ਪੈਕੇ ਲੜਾਈ ਨੂੰ ਮਿਟਾ ਦੇਵਨਗੇ ਅਰ ਦੋਹਾਂ ਦੀ ਸੁਲ੍ਹਾ ਹੋਜਾਏਗੀ ॥

ਰੋਗੀ ਦੇ ਸੁਪਨੇ ਦਾ ਵਿਚਾਰ

ਜੋ ਰੋਗੀ ਸੁਪਨੇ ਵਿਚ ਨੰਗਾ ਮੁੰਡਾ ਅ... ਲਾਲਕੇ ਕਾਲੇ ਕਪੜੇ ਧਾਰਨ ਕੀਤੇ ਹੋਏ ਮਨੁਖ ਨੂੰ ਵੇਖੇ ਜਾਂ ਨਕ ਕੰਨ ਬੂਚਾ ਅਰ ਕਾਲੇ ਹਥਿਆਰ ਵਾਲਾ ਜਾਂ ਗਲ ਵਿਚ ਫਾਹਲਿਆ ਹੋਇਆ ਜਾਂ ਮਰਦੇ ਹੋਏ ਮਨੁਖ ਨੂੰ ਵੇਖੇ ਤਾਂ ਉਸ ਰੋਗੀ ਨੂੰ ਆਸਾਧ (ਲਾਇਲਾਜ) ਜਾਨੋ ਜੇਕਰ ਰੋਗੀ ਕਿਸੇ ਮਨੁਖ ਨੂੰ ਵੇਖੇ ਕਿ ਓਹ ਸੰਡੇ ਉਤੇ ਜਾਂ ਖੋਤੇ ਤੇ ਚੜਕੇ ...ਾਰ ...ੇ ਜਾ ਰਿਹਾ ਹੋਵੇ ਜਾਂ ਓਹ ਰੋਗੀ ਉੱਚਿਓਂ ਨੀਵੇਂ ਡਿਗੇ

ਪਾਨੀ ਵਿੱਚ ਡੁੱਬ ਜਾਵੇ ਅਰ ਬਲਦੀ ਅੱਗ...
ਆਦਕ ਜਨੌਰ ਓਸਨੂੰ ਖਾ ਰਹੇ ਹੋਵਨ (ਹਲਵਾ...
ਪੇੜਾ ਆਦਕ ਮਠਿਆਈ ਤਲੀ ਹੋਈ ਚੀਜ਼) ਖਾਵੇ...
ਡਿੱਗੇ ਅਜੇਹਾ ਸੁਪਨਾ ਜੇਕਰ ਰੋਗੀ ਨੂੰ ਆਵੇ ਤਾਂ ਓਸਦਾ ਰੋਗ ...
ਅਸਾਧ ਜਾਨੋਂ ਜਦ ਰੋਗੀ ਅਜੇਹਾ ਸੁਪਨਾ ਵੇਖੇ ਤਾਂ ਕਿਸੇ ਨੂੰ ਨਾ ਦੱਸੇ
ਅਰ ਸਵੇਰੇ ਉਠਦਿਆਂ ਹੀ ਰਾਖ ਨਾਲ ਨ੍ਹਾਵੇ ਅਰ ਓਸ ਸੁਪਨੇ ਦਾ ਉਪਾਓ
ਹਵਨ, ਦਾਨ, ਜਪ, ਪਾਠ ਕਰੇ ਤਾਂ ਓਸਦਾ ਔਗਣ ਟਲ ਜਾ...
ਜਾਵੇ ਜੇਹੜਾ ਰੋਗੀ ਸੁਪਨੇ ਵਿਚ ਦੇਵਤਾ, ਰਾਜਾ ਸਾਧੂ, ਮਿਤ੍ਰ,
ਬ੍ਰਹਮਣ, ਗਊ ਅਗਨੀ ਜਾਂ ਤੀਰਥ ਵੇਖੇ ਤਾਂ ਓਸਦਾ ਰੋਗ ਸਾਧ ਜਾਨੋ
ਅਰਥਾਤ ਓਹ ਚੰਗਾ ਹੋਜਾਵੇਗਾ ਅਰ ਸੁਪਨੇ ਵਿੱਚ ਦਿੱਲਗ ਵਿੱਚੋਂ
ਲੰਘ ਜਾਵੇ ਸ਼ੱਤ੍ਰੂ ਨੂੰ ਜਿਤਲਵੇ ਅਰ ਮੈਹਲ ਰਥ ਪਹਾੜ ਆਦਕ ਤੇ
ਚੜ੍ਹੇ ਤਾਂ ਓਹ ਰੋਗੀ ਵੀ ਛੇਤੀ ਰਾਜ਼ੀ ਹੋਵੇ ਜੇਕਰ ਸੁਪਨੇ ਵਿਚ ਚਿੱਟੇ
ਵਸਤ੍ਰ ਧਾਰਨ ਕੀਤੇ ਹੋਏ ਅਰ ਮੱਛੀ ਦਾ ਮਾਸ ਤੇ ਫੂਲ ਖਾਵੇ। ਓ...
ਬੀਮਾਰ ਛੇਤੀ ਰਾਜ਼ੀ ਹੋਵੇ ਜੇ ਰੋਗੀ ਸੁਪਨੇ ਵਿਚ ਅਪਨੀ ਵਿਆ...
ਹੋਈ, ਇਸਤ੍ਰੀ ਨਾਲ ਭੋਗ ਕਰੇ ਅਰ ਮਲਆਦਕ ਸਰੀਰ ਨੂੰ ...
ਅਰ ਰੋਣਾ ਅਰ ਅਪਨੀ ਮੌਤ ਵੇਖੇ ਅਰ ਕੱਚਾ ਮਾਸ ਖਾਵੇ ਤਾਂ ...
ਰੋਗੀ ਦਾ ਰੋਗ ਦੂਰ ਹੋਵੇ ਜਿਸ ਨੂੰ ਸੁਪਨੇ ਵਿੱਚ ਜੋਕ, ਭੌਰਾਂ, ...
ਵੱਢੇ ਅਰਥਾਤ ਡੰਗ ਕਰੇ ਓਸ ਦਾ ਰੋਗ ਦੂਰ ਹੋਜਾਵੇ ਅਰ ...
ਇਹ ਸੁਪਨਾ ਅਰੋਗ ਮਨੁੱਖ ਨੂੰ ਆਵੇ ਤਾਂ ਵੀਸ਼ੁਭ ਹੈ ॥

ਇਤਿ ਸ੍ਰੀ ਸੁਪਨ ਬਿਚਾਰ ਸਮਾਪਤੰ

੩੩

੩੩

ਟੀਚਰ

ਸਾਲਿਗਰਾਮ

ਖਨਾ ਉਸਤਾਦ ਦੇ ਅੰ

ਅਨੋਖੀ ਕਤਾਬ ਏਹ ਇਕ

ਸਤਕ ਹੈ ਜੋ ਬਿਨਾਂ ਉਸਤਾਦ ਦੇ ਘਰ ਬੈ

ਦੇ ਦਿਨ ਵਿਚ ਅੰਗ੍ਰੇਜ਼ੀ ਸਿਖਾ ਦਿੰਦੀ ਹੈ

ਰਤਾ ਨੇ ਢੰਗ ਅਜੇਹਾ ਸੁਖਾਲਾ ਰਖਿਆ ਹੈ

ਖਖ਼ੁਦ ਪੜ੍ਹਨ ਤੇ ਜੀ ਕਰਦਾ ਹੈ ਇਸ

ਲੀਆਂ ਲਿਖਨਾ ਅਤੇ ਗ੍ਰਾਮਰ (ਵ੍ਯਾਕ

ਨਾਲ ਹੀ ਦਿਤਾ ਹੋਇਆ ਹੈ ਮੁਲ ੧)

ਰੇਲਵੇ ਘੜੀ

ਘੜੀ ਸੁੰਦਰ ਹੈ ਏਸਦੇ ਪੁਰਜੇ ਵੀ ਬੜੇ ਪੱਕੇ ਹੈਨ

ਫਿਰ ਸਕਦੀਆਂ ਹੈਨ ਆਦਮੀਆਂ ਵਾਸਤੇ

ਹੈ ਵਕਤ ਵੀ ਠੀਕ ਦੇਂਦੀ ਹੈ ਏਸਦੇ ਨਾਲ ਇਕ

ਅਤੇ ਚੈਨ (ਜੰਜੀਰੀ) ਭੇਜੀ ਜਾਵੇਗੀ ਮੁਲ ੫

ਲਿਖੇ ਪਤੇ ਤੋਂ ੧ ਪੈਸੇ ਦਾ ਖਤ ਲਿਖ ਕੇ ਮੰਗਵਾਓ

ਹਕੀਮ ਰਾਮ ਕਿਸ਼ਨ

ਹਾਰੀ ਦਰ